## 4:14-20

# ਦੇਣਾ ਦੇਣ ਵਾਲੇ ਨੂੰ ਕੀ ਬਣਾ ਦਵੇਗਾ

ਕਈਆਂ ਨੂੰ ਹੈਰਾਨੀ ਹੁੰਦੀ ਹੈ ਕਿ ਪੌਲੁਸ ਨੇ ਖ਼ਤ ਦੇ ਸ਼ੁਰੂਆਤ ਵਿਚ ਫ਼ਿਲਿੱਪੀਆਂ ਵੱਲੋਂ ਮਿਲੇ ਦਾਨ ਦੀ ਗੱਲ ਕੀਤੀ ਪਰ ਅਖ਼ੀਰ ਤਕ ਸ਼ੁਕਰਗੁਜ਼ਾਰੀ ਦੇ ਆਪਣੇ ਇਜ਼ਹਾਰ ਨੂੰ ਪੂਰਿਆਂ ਨਹੀਂ ਕੀਤਾ। ਯਾਦ ਰੱਖੋ ਕਿ ਇਹ ਇਕ ਨਿੱਜੀ ਖ਼ਤ ਹੈ ਜਿਸ ਵਿਚ ਤਰਤੀਬ ਦਾ ਬਹੁਤਾ ਧਿਆਨ ਨਹੀਂ ਰੱਖਿਆ ਗਿਆ। ਪੌਲੁਸ ਨੇ ਫੌਰਨ ਖ਼ਤ ਦੇ ਪਾਉਣ ਵਾਲਿਆਂ ਨੂੰ ਆਪਣੇ ਇਰਾਦੇ ਤੋਂ ਜਾਣੂ ਕਰਵਾ ਦਿੱਤਾ ਪਰ ਉਸ ਨੇ ਪੱਤਰੀ ਦੇ ਅੰਤ ਚਰਮ ਤਕ ਸ਼ੁਕਰਗੁਜ਼ਾਰੀ ਦੇ ਅਸਲ ਸ਼ਬਦਾਂ ਨੂੰ ਰੱਖ ਛੱਡਿਆ।

ਸ਼ੁਕਰਗੁਜ਼ਾਰੀ ਦੇ ਪੌਲੁਸ ਦੇ ਇਜ਼ਹਾਰ ਦੀ ਸ਼ਾਇਦ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਉਸ ਨੇ ''ਧੰਨਵਾਦ'' ਲਈ ਯੂਨਾਨੀ ਸ਼ਬਦ (*eucharistia, ਯੂਖਰਿਸਤੀਆ*) ਕਿਤੇ ਨਹੀਂ ਵਰਤਿਆ। ਅਸਲ ਵਿਚ 4:10–20 ਵਿਚ ਧੰਨਵਾਦ ਪਰਗਟਾਉਣ ਦੀ ਰਸੂਲ ਦੀ ਗੱਲ ਹੁਣ ਤਕ ਦੀ ਸਭ ਤੋਂ ਵੱਧ ਲਿਖੀ ਗਈ। ''ਥੈਂਕ ਯੂ'' ਵਿੱਚੋਂ ਹੈ। ਇਹ ਸਮਝਣ ਲਈ ਕਿ ਪੌਲੁਸ ਨੇ ਇਸ ਵਿਸ਼ੇ ਨੂੰ ਇਵੇਂ ਹੀ ਕਿਉਂ ਲਿਖਿਆ, ਆਰਥਿਕ ਸਹਾਇਤਾ ਪ੍ਰਤੀ ਉਸ ਦੇ ਵਿਹਾਰ ਬਾਰੇ ਕੁਝ ਜਾਣਨ ਨਾਲ ਮਦਦ ਮਿਲ ਸਕਦੀ ਹੈ।

ਯਿਸੂ ਨੇ ਜ਼ੋਰ ਦਿੱਤਾ ਕਿ ਵਚਨ ਨੂੰ ਸਿਖਾਉਣ ਵਾਲੀਆਂ ਅਤੇ ਪ੍ਰਚਾਰਕਾਂ ਨੂੰ ਉਨ੍ਹਾਂ ਤੋਂ ਮਦਦ ਲੈਣ ਦਾ ਅਧਿਕਾਰ ਹੈ। ਜਿਨ੍ਹਾਂ ਨੂੰ ਉਹ ਸਿਖਾਉਂਦੇ ਹਨ (ਲੂਕਾ 10:7)। ਪੌਲੁਸ ਨੇ ਵੀ ਉਹੀ ਗੱਲ ਕਹੀ (1 ਕੁਰਿੰਥੀਆਂ 9:9–11, 13, 14; ਗਲਾਤੀਆਂ 6:6)। ਜਦ ਕਿਸੇ ਇਵੈਂਜਲਿਸਟ ਨੇ ''ਦੁਨਿਆਵੀ'' ਨੌਕਰੀ ਤੇ ਕੰਮ ਨਾ ਕਰਨਾ ਹੋਵੇ ਤਾਂ ਉਹ ਆਪਣਾ ਸਮਾਂ ਅਧਿਐਨ ਕਰਨ, ਸਿਖਾਉਣ ਅਤੇ ਲੋਕਾਂ ਦੀਆਂ ਲੋੜਾਂ ਦੀ ਸੇਵਕਾਈ ਵਿਚ ਦੇ ਸਕਦਾ ਹੈ।

ਪਰ ਕੀ ਪੌਲੁਸ ਉਸ ਮੰਡਲੀ ਦੇ ਜਿਸ ਵਿਚ ਉਹ ਵਰਤਮਾਨ ਵਿਚ ਕੰਮ ਕਰ ਹਿਾ ਸੀ, ਮਦਦ ਕਬੂਲ ਕਰਨ ਵਿਚ ਝਕ ਰਿਹਾ ਸੀ (ਵੇਖੋ 1 ਕੁਰਿੰਥੀਆਂ 9:18; 2 ਕੁਰਿੰਥੀਆਂ 11:7, 9; 1 ਥੱਸਲੁਨੀਕੀਆਂ 2:9; 2 ਥੱਸਲੁਨੀਕੀਆਂ 3:8)। ਉਹ ਨਹੀਂ ਚਾਹੁੰਦਾ ਸੀ ਕਿ ਕੋਈ ਇਹ ਸੋਚੇ ਕਿ ਪ੍ਰਚਾਰ ਕਰਨ ਦਾ ਉਹਦਾ ਮਕਸਦ ਧਨ ਕਮਾਉਣਾ ਸੀ (ਵੇਖੋ 2 ਕੁਰਿੰਥੀਆਂ 12:14)। ਰਸੂਲ ਆਪਣੀ ਮਦਦ ਆਮ ਤੌਰ ਤੇ ਤੰਬੂ ਬਣਾ ਕੇ ਕੰਮ ਕਰਕੇ ਕਰਦਾ ਸੀ (ਰਸੂਲਾਂ ਦੇ ਕਰਤੱਬ 18:1–3; ਵੇਖੋ 1 ਕੁਰਿੰਥੀਆਂ 4:12ੳ; 1 ਥੱਸਲੁਨੀਕੀਆਂ 2:9; 2 ਥੱਸਲੁਨੀਕੀਆਂ 3:8)।

ਨਾਲੇ, ਪੌਲੁਸ ਉਨ੍ਹਾਂ ਥਾਂਵਾਂ ਤੋਂ ਮਦਦ ਲੈਣ ਵਾਸਤੇ ਤਿਆਰ ਸੀ, ਜਿੱਥੇ ਉਸ ਨੇ ਪ੍ਰਚਾਰ ਕੀਤਾ ਸੀ (ਵੇਖੋ 2 ਕੁਰਿੰਥੀਆਂ 11:8, 9)। ਅਜਿਹੀ ਮਦਦ ਕਰਕੇ ਉਸ ਨੂੰ ਇੰਜੀਲ ਸੁਣਾਉਣ ਦਾ ਹੋਰ ਸਮਾਂ ਮਿਲ ਜਾਂਦਾ (ਵੇਖੋ ਰਸੂਲਾਂ ਦੇ ਕਰਤੱਬ 18:5)। ਇਹਦੇ ਬਾਵਜੂਦ ਉਹ ਇਸ ਸਦਭਾਵਨਾ ਸੰਵੇਦਨਸ਼ੀਲ ਰਿਹਾ ਕਿ ਕੋਈ ਉਸ ਤੇ ''ਪੈਸੇ ਲਈ ਪ੍ਰਚਾਰ ਕਰ ਰਿਹਾ'' ਹੋਣ ਦਾ ਇਲਜ਼ਾਮ ਲਗ ਸਕਦਾ ਹੈ।

ਪੌਲੁਸ ਦੇ ਮਨ ਵਿਚ ਆਪਣੇ ਇਸ ਤਨਾਅ ਤੋਂ ਸਾਨੂੰ ਇਹ ਸਮਝਣ ਵਿਚ ਮਦਦ ਮਿਲ ਕਸਦੀ ਹੈ ਕਿ ਉਸ ਨੇ ਫਿਲਿੱਪੀਆਂ ਦਾ ਉਵੇਂ ਧੰਨਵਾਦ ਕਿਵੇਂ ਕੀਤਾ। ਉਹ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਉਹ ਉਨ੍ਹਾਂ ਦੇ ਦਾਨ ਲਈ ਸ਼ੁਕਰਗੁਜ਼ਾਰ ਹੈ ਪਰ ਇਹ ਪ੍ਰਭਾਵ ਨਹੀਂ ਛੱਡਣਾ ਚਾਹੁੰਦਾ ਸੀ ਕਿ ਉਹ ਦਾਨਾਂ ਵਾਸਤੇ ਪ੍ਰਚਾਰ ਕਰਦਾ ਹੈ। ਉਹ ਦਾਨ ਲਈ ਸ਼ੁਕਰਗੁਜ਼ਾਰੀ ਵਿਖਾਉਣ ਵਿਚ ਕਦੇ ਅੱਗੇ ਕਦੇ ਪਿੱਛੇ ਜਾਂਦਾ ਹੈ (ਫ਼ਿਲਿੱਪੀਆਂ 4:14–16, 19) ਅਤੇ ਇਸ ਤੋਂ ਇਨਕਾਰ ਕਰਦਾ ਹੈ ਕਿ ਉਸ ਨੂੰ ਮਦਦ ਦੀ ਲੋੜ ਸੀ (4:17ੳ)।

## **ਸਾਂਝ ਕਰਨ ਦੀ ਬਰਕਤ** (4:14)

**[14]ਤਾਂ ਵੀ ਤੁਸਾਂ ਭਲਾ ਕੀਤਾ ਜੋ ਇਸ ਬਿਪਤਾ ਵਿਚ ਮੇਰੇ ਸਾਂਝੀ ਹੋਏ।**

**ਆਇਤ 14.** ਫ਼ਿਲਿੱਪੀਆਂ ਵੱਲੋਂ ਘੱਲੀ ਗਈ ਮਦਦ ਦੇ ਕਾਰਣ ਅਨੰਦ ਕਰਨ ਦੇ ਬਾਅਦ (4:10), ਪੌਲੁਸ ਨੇ ਕਿਹਾ ਕਿ ਉਹ ਅਜਿਹੀਆਂ ਦਾਨਾਂ ਉੱਤੇ ਨਿਰਭਰ ਨਹੀਂ ਸੀ ਕਿਉਂ ਜੋ ਭਾਵੇਂ ਉਹਦੇ ਕੋਲ ਥੋੜ੍ਹਾ ਹੋਵੇ ਭਾਵੇਂ ਬਹੁਤਾ ਪ੍ਰਭੂ ਨੇ ਉਸ ਦੀ ਮਦਦ ਕੀਤੀ (4:11–13)। ਇਹਦਾ ਮਤਲਬ ਇਹ ਲਿਆ ਜਾ ਸਕਦਾ ਸੀ ਕਿ ਪੌਲੁਸ ਨੇ ਫ਼ਿਲਿੱਪੀਆਂ ਵੱਲੋਂ ਘੱਲੇ ਗਏ ਦਾਨ ਲਈ ਸ਼ੁਕਰਗੁਜ਼ਾਰੀ ਨਹੀਂ ਕੀਤੀ ਸੀ, ਜਿਸ ਕਰਕੇ ਉਸ ਨੇ ਫੁਰਤੀ ਨਾਲ ਜੋੜ ਦਿੱਤਾ, **ਤਾਂ ਵੀ ਤੁਸਾਂ ਭਲਾ ਕੀਤਾ ਜੋ ਇਸ ਬਿਪਤਾ ਵਿਚ ਮੇਰੇ ਸਾਂਝੀ ਹੋਏ।** ਪੌਲੁਸ ਇਹ ਜੋੜ ਸਕਦਾ ਸੀ, ''ਤੁਸਾਂ ਜੋ ਭੇਜਿਆ ਹੈ ਮੈਨੂੰ ਸਚਮੁਚ ਉਸ ਦੀ ਬੜੀ ਲੋੜ ਸੀ! ਪਤਾ ਨਹੀਂ ਇਹਦੇ ਬਗੈਰ ਮੈਂ ਕੀ ਕਰਦਾ!'' ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਰਸੂਲ ਨੂੰ ਮਦਦ ਦੀ ਲੋੜ ਸੀ। ਉਸ ਨੇ ਆਪਣੀ ''ਬਿਪਤਾ'' ਦੀ ਗੱਲ ਕੀਤੀ।

ਅਨੁਵਾਦ ਹੋਇਆ ''ਬਿਪਤਾ'' ਯੂਨਾਨੀ ਸ਼ਬਦ (*thlipsis, ਥਲਿਪਸਿਸ*) ਉਹ ਸ਼ਬਦ ਹੈ ਜਿਸ ਦਾ ਅਨੁਵਾਦ 1:17 ''ਕਲੇਸ਼'' ਹੋਇਆ ਹੈ। ਇਹ ਇਕ ਮਜ਼ਬੂਤ ਸ਼ਬਦ ਹੈ। ਇਸ ਦਾ ''ਸਬੰਧ ਹਾਲਤਾ ਦੇ ਦਬਾਅ ਜਾਂ ਲੋਕਾਂ ਦੇ ਵਿਰੋਧ ਕਾਰਣ ਦੁਖਾਂ ਨਾਲ ਹੈ।'' ''ਕੁਝ ਵੀ ਜੋ ਮਨ ਤੇ ਬੋਝ ਪਾਉਂਦਾ ਹੈ।''[1] NIV ਵਿਚ ''ਚੰਗਾ ਹੋਇਆ ਕਿ ਤੁਸੀਂ ਮੇਰੀਆਂ ਪਰੇਸ਼ਾਨੀਆਂ ਵਿਚ ਸਾਂਝੀ ਹੋਵੋ।'' ਪੌਲੁਸ ਦੀਆਂ ਕੁਝ ''ਪਰੇਸ਼ਾਨੀਆਂ'' ਯਕੀਨੀ ਤੌਰ ਤੇ ਆਰਥਿਕ ਸਨ (ਵੇਖੋ 4:18)।

ਰਸੂਲ ਦੀਆਂ ਆਰਥਿਕ ਪਰੇਸ਼ਾਨੀਆਂ ਦੇ ਸਬੰਧ ਵਿਚ, ਹੇਠ ਲਿਖੀਆਂ ਗੱਲਾਂ ਤੇ ਵਿਚਾਰ ਕਰੋ। ਕਈ ਵਾਰ ਪੌਲੁਸ ਨੂੰ ਅੰਤਮ ਥਾਂਵਾਂ ਤੋਂ ਮਦਦ ਮਿਲਦੀ ਸੀ, ਜਿੱਥੇ ਉਸ ਨੇ ਪ੍ਰਚਾਰ ਕੀਤਾ ਸੀ, ਪਰ ਕਈ ਵਾਰ ਨਹੀਂ। ਬੀਤੇ ਵਿਚ ਉਸ ਦੇ ਲਈ ਇਹ ਕੋਈ ਵੱਡੀ ਗੱਲ ਨਹੀਂ ਹੈ। ਕਿਉਂਕਿ ਉਹ ਤੰਬੂ ਬਣਾ ਆਪਣਾ ਗੁਜ਼ਾਰਾ ਕਰ ਲੈਂਦਾ ਸੀ। ਪਰ ਚਾਰ ਵਰ੍ਹੇ ਜਾਂ ਇਸ ਤੋਂ ਵੀ ਵੱਧ ਸਮਾਂ (ਵੇਖੋ ਕਰਤੱਬ 24:27; 28:30), ਉਹ ਜੇਲ੍ਹ ਵਿਚ ਸੀ, ਅਤੇ ਕੰਮ ਨਹੀਂ ਕਰ ਸਕਿਆ ਸੀ। ਇਸ ਗੱਲ ਨੇ ਇਕ ਅਜ਼ਾਦ ਬੰਦੇ ਨੂੰ ਦੂਜਿਆਂ ਦੇ ਰਹਿਮੋ-ਕਰਮ ਤੇ ਰਹਿਣ ਵਾਲਾ ਨਿਰਭਰ ਬਣਾ ਦਿੱਤਾ ਸੀ। ਭਲਾ ਉਸ ਨੂੰ ਕਦੇ ਇਨ੍ਹਾਂ ਹਾਲਾਤ ਵਿਚ ਪਰੇਸ਼ਾਨੀ ਲੱਗੀ? ਸ਼ਾਇਦ।

ਫ਼ਿਲਿੱਪੀਆਂ ਦੇ ਦਾਨ ਪਹੁੰਚਾਉਣ ਸਮੇਂ ਉਸ ਦੇ ਆਰਥਿਕ ਸਾਧਨ ਲਗਭਗ ਖ਼ਤ ਹੋ ਚੁੱਕੇ ਸਨ। ਫਿਰ ਉਸ ਨੇ ਉਨ੍ਹਾਂ ਨੂੰ ਯਕੀਨ ਬਣਾਇਆ ''ਤੁਸੀਂ ਭਲਾ ਕੀਤਾ ਕਿ ਮੇਰੇ ਕਲੇਸ਼ ਵਿਚ ਮੇਰੇ ਸਹਿਭਾਗੀ ਹੋਏ।'' (*kalōs, ਕੇਲੋਸ*) ''ਸ਼ਬਦ ਉਸ ਦਾ ਸੰਕੇਤ ਦਿੰਦਾ ਹੈ ਜੋ ਅੰਦਰੂਨੀ ਰੂਪ ਵਿਚ ਚੰਗਾ ਅਤੇ ਇੰਜ ਸੁੰਦਰ ਚੰਗਾ, ਖ਼ੂਬਸੂਰਤ ਹੈ।''[2] ਇਕ ਅਰਥ ਵਿਚ ਪੌਲੁਸ ਨੇ ਕਿਹਾ, ''ਤੁਸਾਂ ਤਾਂ ਬੜੇ ਖ਼ੂਬਸੂਰਤ ਢੰਗ ਨਾਲ ਸਹੀ ਕੀਤਾ ਹੈ।''

ਪੌਲੁਸ ਨੇ ਉਨ੍ਹਾਂ ਦੇ ਦਾਨ ਲਈ ''ਸਾਂਝੀ'' ਸ਼ਬਦ ਵਰਤਿਆ। ਪਹਿਲਾਂ ਉਸ ਨੇ ਆਖਿਆ ਸੀ ਕਿ ਫ਼ਿਲਿੱਪੀਆਂ ਨੇ ਅਤੀਤ ਵਿਚ ਅਤੇ ਵਰਤਮਾਨ ਵਿਚ ਉਹਦੇ ਨਾਲ *ਸਾਂਝੀ* ਹੋਏ ਸਨ (1:5, 7)। 4:14 ਅਤੇ 15 ਵਿਚ ਦੋਵੇਂ ਥਾਂਵਾਂ ਤੇ ਦੁਬਾਰਾ ''ਸਾਂਝੀ'' ਸ਼ਬਦ ਦੀ ਵਰਤੋਂ ਕੀਤਾ ਗਈ ਹੈ। ''ਸਾਂਝੀ'' ਦਾ ਅਨੁਵਾਦ *sun* (*ਸਨ,* ''ਦੇ ਨਾਲ'') ਵਾਲੇ ਉਪਸਰਗ ਦੇ ਨਾਲ *koinōneō* (*ਕੋਇਨੋਨਿਓ*, ''ਸਾਂਝੀ ਹੋਣਾ'') ਦੇ ਕਿਰਿਆ ਰੂਪ ਦੇ ਪਹਿਲਾਂ ਆਉਣ ਵਾਲੇ ਸ਼ਬਦ ਦੇ ਮਿਸ਼ਰਤ ਸ਼ਬਦ *sunkoinōneō* (*ਸਨਕੋਇਨੋਨਿਓ*) ਦੇ ਰੂਪ ਵਿਚ ਅਨੁਵਾਦ ਕੀਤਾ ਗਿਆ ਹੈ। ਆਪਣੇ ਉੱਪਰ ਪੌਲੁਸ ਦਾ ਆਰਥਿਕ ਬੋਝ ਉਠਾਉਂਦਿਆਂ ਕਿ ਫ਼ਿਲਿੱਪੀਆਂ ਦੀ ਉਸ ਨਾਲ ਸਾਂਝ ਸੀ।

## ਮਦਦ ਕਰਨ ਵਿਚ ਸੰਤੁਸ਼ਟੀ (4:15, 16)

**[15]ਹੇ ਫ਼ਿਲਿੱਪੀਓ, ਤੁਸੀਂ ਆਪ ਵੀ ਜਾਣਦੇ ਹੋ ਭਈ ਜਾਂ ਮੈਂ ਖੁਸ਼ਖਬਰੀ ਪਹਿਲਾਂ ਸੁਣਾਉਣ ਲੱਗਾ ਜਦ ਮੈਂ ਮਕਦੂਨਿਯਾ ਤੋਂ ਨਿੱਕਲ ਆਇਆ ਤਾਂ ਕਿਸੇ ਕਲੀਸੀਆ ਨੇ ਲੈਣ ਦੇਣ ਦੀ ਗੱਲ ਵਿਚ ਮੇਰਾ ਸਾਥ ਨਾ ਦਿੱਤਾ ਪਰ ਕੇਵਲ ਤੁਸਾਂ। [16]ਕਿਉਂ ਜੋ ਥਸੱਲੁਨੀਕੇ ਵਿਚ ਭੀ ਤੁਸਾਂ ਮੇਰੀ ਲੋੜ ਪੂਰੀ ਕਰਨ ਲਈ ਇਕੇਰਾਂ ਨਹੀਂ ਸਗੋਂ ਕਈ ਵੇਰਾਂ ਕੁਝ ਘੱਲ ਦਿੱਤਾ।**

**ਆਇਤ 15.** ਫ਼ਿਲਿੱਪੀਆਂ ਨੇ ਪੌਲੁਸ ਦੀ ਮਦਦ ਪਹਿਲੀ ਵਾਰ ਨਹੀਂ ਕੀਤੀ (ਵੇਖੋ 1:5)। ਰਸੂਲ ਦਸ ਜਾਂ ਇਸ ਤੋਂ ਵੱਧ ਵਰ੍ਹੇ ਪਹਿਲਾਂ ਦੀ ਉਨ੍ਹਾਂ ਦੀ ਮਦਦ ਤੋਂ ਚੰਗੀ ਤਰ੍ਹਾਂ ਜਾਣੂ ਸੀ, ਜਦ ਉਸ ਨੇ ਫ਼ਿਲਿੱਪੀਆਂ ਵਿਚ ਕਲੀਸੀਆ ਸਥਾਪਿਤ ਕੀਤੀ ਸੀ।

**ਤੁਸੀਂ ਆਪ ਵੀ ਜਾਣਦੇ ਹੋ।** ਸ਼ਬਦਾਂ ਨਾਲ ਸ਼ੁਰੂ ਹੁੰਦੀ ਹੈ। ''ਵੀ'' ਸ਼ਬਦ ਇਹ ਸੰਕੇਤ ਕਰਦਾ ਹੈ ਕਿ ਪੌਲੁਸ ਉਨ੍ਹਾਂ ਦੀ ਖੁੱਲ੍ਹਦਿਲੀ ਤੋਂ ਜਾਣੂ ਸੀ ਅਤੇ ਉਨ੍ਹਾਂ ਨੂੰ ਪਤਾ ਸੀ ਕਿ ਉਸ ਨੂੰ ਪਤਾ ਹੈ। **ਖੁਸ਼ਖਬਰੀ ਪਹਿਲਾਂ ਸੁਣਾਉਣ ਲੱਗਾ** ਵਾਕਅੰਸ਼ ਦੇ ਸਬੰਧ ਵਿਚ NASB ਵਿਚ ਨੋਟ ਹੈ, ''[ਸ਼ੁਰੂਆਤ ਵਿਚ] ਦੇ ਅਰੰਭ।'' ਇਸ ਦਾ ਅਰਥ ਫ਼ਿਲਿੱਪੀਆਂ ਦੇ ਸਬੰਧ ਵਿਚ ਇੰਜੀਲ ਦੇ ਪ੍ਰਚਾਰ ਦਾ ਸ਼ੁਰੂਆਤ ਹੋ ਸਕਦੀ ਹੈ। NIV ਵਿਚ ''ਇੰਜੀਲ ਨਾਲ ਤੁਹਾਡੀ ਪਛਾਣ ਦੇ ਸ਼ੁਰੂਆਤ ਦਿਨਾਂ ਵਿਚ ਹੈ।'' ਇਹ ਸ਼ਬਦ ਸੰਭਵ ਰੂਪ ਵਿਚ ਪੌਲੁਸ ਦੇ ਕੰਮ ਦੇ ਕਿਸੇ ਨਵੇਂ ਪੜਾਅ ਦੇ ਲਈ ਹੈ ਜਿਹੜਾ ਫ਼ਿੱਲਿਪੈ ਵਿਚ ਸ਼ੁਰੂ ਹੋਇਆ ਸੀ (ਰਸੂਲਾਂ ਦੇ ਕਰਤੱਬ 16:9—12; ਵੇਖੋ ਫ਼ਿਲਿੱਪੀਆਂ 1:5)।

ਫ਼ਲਿੱਪੈ ਮਕਦੂਨੀਆ ਵਿਚ ਸੀ (ਰਸੂਲਾਂ ਦੇ ਕਰਤੱਬ 16:12), ਜੋ ਵਰਤਮਾਨ ਗਰੀਸ ਦੇ ਉਤਰ ਵਿਚ ਹੈ। ਉਸ ਇਲਾਕੇ 'ਚੋਂ ਜਾਣ ਮਗਰੋਂ ਰਸੂਲ ਵਰਤਮਾਨ ਗਰੀਸ ਦੇ ਦੱਖਣੀ ਹਿੱਸੇ ਅਖੋਯਾਤ ਵਿਚ ਗਿਆ। ਉੱਥੇ ਉਸ ਨੇ ਅਥੇਨੇ ਅਤੇ ਕੁਰਿੰਥੁਸ ਵਿਚ ਪ੍ਰਚਾਰ ਕੀਤਾ (ਰਸੂਲਾਂ ਦੇ ਕਰਤੱਬ 17:15—18:11)। ਪੌਲੁਸ ਨੇ ਫ਼ਿਲਿੱਪੀਆਂ ਨੂੰ ਦੱਸਿਆ ਕਿ **ਹੇ ਫ਼ਿਲਿੱਪੀਓ, ਤੁਸੀਂ ਆਪ ਵੀ ਜਾਣਦੇ ਹੋ ਭਈ ਜਾਂ ਮੈਂ ਖੁਸ਼ਖਬਰੀ ਪਹਿਲਾਂ ਸੁਣਾਉਣ ਲੱਗਾ ਜਦ ਮੈਂ ਮਕਦੂਨਿਯਾ ਤੋਂ ਨਿੱਕਲ ਆਇਆ ਤਾਂ ਕਿਸੇ ਕਲੀਸੀਆ ਨੇ ਲੈਣ ਦੇਣ ਦੀ ਗੱਲ ਵਿਚ ਮੇਰਾ ਸਾਥ ਨਾ ਦਿੱਤਾ ਪਰ ਕੇਵਲ ਤੁਸਾਂ** ਮੇਰੀ ਮਦਦ ਕੀਤੀ। 2 ਕੁਰਿੰਥੀਆਂ 11:8, 9 ਤੋਂ ਅਸੀਂ ਨਤੀਜਾ ਕੱਢਦੇ ਹਾਂ ਕਿ ਫ਼ਿਲਿੱਪੈ ਦੇ ਮਸੀਹੀ ਲੋਕਾਂ ਨੇ ਪੌਲੁਸ ਦੀ ਮਦਦ ਤਦ ਘੱਲੀ ਜਦ ਉਹ ਕੁਰਿੰਥੀਆਂ ਵਿਚ ਸੀ।

ਪਰ ਕੁਰਿੰਥੀਆਂ ਵਿਚ ਮਦਦ ਪਾਉਣ ਦੀ ਗੱਲ 2 ਕੁਰਿੰਥੀਆਂ 11:8, 9 ਲਿਖਦਿਆਂ ਪੌਲੁਸ ਨੇ ਬਹੁਵਚਨ ''ਕਲੀਸੀਆਵਾਂ'' ਵਰਤਿਆ। ਤਾਂ ਫਿਰ ਉਸ ਦੇ ਕਹਿਣ ਦਾ ਕੀ ਅਰਥ ਸੀ ਕਿ ''... ਕਿਸੇ ਕਲੀਸੀਆ ਦੇ ਲੈਣ ਦੇਣ ਦੀ ਗੱਲ ਵਿਚ ਮੇਰਾ ਸਾਥ ਨਾ ਦਿੱਤਾ?'' ਲੇਖਕਾਂ ਨੇ ''ਲੈਣ ਦੇਣ'' ਸ਼ਦ ਦੀ ਖ਼ਾਸ ਵਿਆਖਿਆ ਕਰਦਿਆਂ ਪੌਲੁਸ ਦੇ ਸ਼ਬਦਾਂ ਨੂੰ ਸਮਝਾਉਣ ਦੀ ਕੋਸ਼ ਕੀਤੀ ਹੈ। ਕਈਆਂ ਦਾ ਕਹਿਣਾ ਹੈ ਕਿ ਫ਼ਿਲਿੱਪੀਆਂ ਨੇ ਪੌਲੁਸ ਨੂੰ ਮਾਲੀ ਮਦਦ ''ਦਿੱਤੀ'' ਅਤੇ ਉਸ ਤੋਂ ਰੂਹਾਨੀ ਮਦਦ ''ਲਈ'' ਇਨ੍ਹਾਂ ਵਿਆਖਿਆਵਾਂ ਨੂੰ ਪੜ੍ਹਦਿਆਂ ਮੈਂ ਵਿਚਾਰ ਕੀਤਾ, ''ਪਰ ਕੀ ਕਿਸੇ ਮੰਡਲੀ ਦਾ ਸਬੰਧ ਵਿਚ ਕਿਸ ਨੇ ਪੌਲੁਸ ਨੂੰ ਮਦਦ ਘੱਲੀ ਸੀ, ਇਹ ਦੋਵੇਂ ਪ੍ਰਬੰਧ ਸਹੀ ਨਹੀਂ ਹੋਣਗੇ?'' ''ਲੈਣ ਦੇਣ'' ਦੀ ਸੌਖੀ ਤੋਂ ਸੌਖੀ ਵਿਆਖਿਆ ਇਹ ਹੈ ਕਿ ਫ਼ਿਲਿੱਪੀਆਂ ਦੀ ਮਦਦ ਕੀਤੀ ਤੇ ਪੌਲੁਸ ਦੀ ਮਦਦ ਲਈ।

ਉਲਝਣ ਵਾਲੀ ਗੱਲ ਅਜੇ ਵੀ ਰਹਿ ਜਾਂਦੀ ਹੈ ਕਿ ''ਕੇਵਲ ਤੁਸਾਂ'' ਸ਼ਾਇਦ ਪੌਲੁਸ ਇਹ ਜ਼ੋਰ ਦੇ ਰਿਹਾ ਸੀ ਕਿ ਫ਼ਿਲਿੱਪੈ ਦੀ ਕਲੀਸੀਆ ਹੀ ਇੱਕੋ ਇਕ ਮੰਡਲੀ ਸੀ ਜਿਹੜੀ ਉਸ ਦੀ ਲਾਗਤਾਰ ਮਦਦ ਕਰ ਰਹੀ ਸੀ ਯਾਨੀ ਉਹਦੇ ਮਿਸ਼ਨਰੀ ਯਤਨਾ ਵਿਚ ਉਹਦੀ ਬਰਾਬਰ ਭਾਈਵਾਲ। ''ਕੇਵਲ ਤੁਸਾਂ'' ਸ਼ਬਦ ਦਾ ਸਹੀ ਸਹੀ ਮਹੱਤਵ ਜੋ ਵੀ ਹੋਵੇ, ਪੌਲੁਸ ਫ਼ਿਲਿੱਪੈ ਦੇ ਮਸੀਹੀ ਲੋਕਾਂ ਦੁਆਰਾ ਕੀਤੀ

ਗਈ ਸੇਵਾ ਦੀ ਵਿਲੱਖਣਤਾ ਤੇ ਜ਼ੋਰ ਦੇ ਰਿਹਾ ਸੀ।

**ਆਇਤ 16.** ਮਕਦੂਨੀਆ ਤੋਂ ਜਾਣ ਮਗਰੋਂ ਫ਼ਿਲਿੱਪੀਆਂ ਦੀ ਮਦਦ ਤੇ ਵਿਚਾਰ ਕਰਦਿਆਂ ਪੌਲੁਸ ਦੇ ਉਸ ਇਲਾਕੇ 'ਚੋਂ ਨਿਕਲਣ ਤੋਂ ਪਹਿਲਾਂ ਉਨ੍ਹਾਂ ਦੁਆਰਾ ਸ਼ੁਰੂ ਕੀਤੀ ਗਈ ਮਦਦ ਯਾਦ ਆਈ। ਫ਼ਿਲਿੱਪੈ ਤੋਂ ਉਹ ਥੱਸਲੁਨੀਕੇ ਨੂੰ ਵਾਇਆ ਇਗਨੇਸ਼ੀਆ, ਰੋਮੀ ਰਾਜਮਾਰਗ ਤੇ ਉਹ ਸੌ ਜਾਂ ਇਸ ਤੋਂ ਵੀ ਵੱਧ ਮੀਲ ਗਿਆ ਸੀ (ਰਸੂਲਾਂ ਦੇ ਕਰਤੱਬ 16:39—17:1)। ਉੱਥੇ ਉਸ ਨੇ ਥੋੜ੍ਹੀ ਦੇਰ ਪ੍ਰਚਾਰ ਕੀਤਾ ਅਤੇ ਸਿਖਾਇਆ, ਉੱਥੇ ਰਹਿੰਦਿਆਂ ਉਹ ਆਪਣਾ ਕੰਮ ਕਰਨ ਲੱਗਾ ਸੀ (ਵੇਖੋ 1 ਥੱਸਲੁਨੀਕੀਆਂ 2:9; 2 ਥੱਸਲੁਨੀਕੀਆਂ 3:8) ਪਰ ਉਸ ਨੂੰ ਫ਼ਿਲਿੱਪੈ ਤੋਂ ਵੀ ਮਦਦ ਮਿਲਦੀ ਸੀ। ਪੌਲੁਸ ਨੇ ਲਿਖਿਆ, **ਕਿਉਂ ਜੋ ਥਸੱਲੁਨੀਕੇ ਵਿਚ ਭੀ ਤੁਸਾਂ ਮੇਰੀ ਲੋੜ ਪੂਰੀ ਕਰਨ ਲਈ ਇਕੇਰਾਂ ਨਹੀਂ ਸਗੋਂ ਕਈ ਵੇਰਾਂ ਕੁਝ ਘੱਲ ਦਿੱਤਾ।**

ਜਦ ਅਸੀਂ ਇਹ ਵਿਚਾਰ ਕਰਦੇ ਹਾਂ ਤਾਂ ਪਾਉਂਦੇ ਹਾਂ ਕਿ ਇਹ ਅਦਭੁਤ ਸੀ। ਫ਼ਿਲਿੱਪੈ ਦੀ ਕਲੀਸੀਆ ਛੋਟੀ ਅਤੇ ਵਿਸ਼ਵਾਸ ਵਿਚ ਨਵੀਂ ਸੀ, ਬਾਈਬਲ ਅਤੇ ਦੁਨਿਆਵੀ ਇਤਿਹਾਸ ਪੱਖੀ, ਇਸ ਇਲਾਕੇ ਦੇ ਲੋਕ ਮਾਲੀ ਰੂਪ ਵਿਚ ਸੰਘਰਸ਼ ਵਿਚ ਸਨ (ਵੇਖੋ 2 ਕੁਰਿੰਥੀਆਂ 8:1—4)। ਥੱਸਲੁਨੀਕੇ ਵੱਡਾ ਭਾਵ ਉਸ ਤੋਂ ਸੌਖਾ ਨਗਰ ਸੀ। ਫੇਰ ਵੀ ਉੱਥੋਂ ਦੇ ਲੋਕਾਂ ਨੇ ਪੌਲੁਸ ਨੂੰ ਮਦਦ ਘੱਲੀ ਸੀ।

## ਸੁਰਗ ਵਿਚ "ਖਾਤਾ" ਖੋਲ੍ਹਿਆ ਗਿਆ (4:17, 18ੳ)

**17ਇਹ ਨਹੀਂ ਜੋ ਮੈਂ ਦਾਨ ਚਾਹੁੰਦਾ ਹਾਂ ਪਰ ਮੈਂ ਉਹ ਫਲ ਚਾਹੁੰਦਾ ਹਾਂ ਜੋ ਤੁਹਾਡੇ ਲੇਖੇ ਵਿਚ ਵਧਦਾ ਜਾਂਦਾ ਹੈ। 18ੳਅਤੇ ਮੈਨੂੰ ਸੱਭੋ ਕੁਝ ਮਿਲ ਗਿਆ ਹੈ, ਸਗੋਂ ਵਾਧੂ ਹੈ। ਮੈਂ ਭਰਪੂਰ ਹਾਂ।**

ਪੰਜਾਬੀ ਅਨੁਵਾਦ ਵਿਚ ਇਹ ਹਮੇਸ਼ਾ ਸਪੱਸ਼ਟ ਨਹੀਂ ਹੁੰਦਾ ਪਰ ਆਪਣੇ "ਧੰਨਵਾਦ" ਦੇ ਨੋਟ ਵਿਚ ਪੌਲੁਸ ਨੇ ਪੂਰੀ ਵਪਾਰਕ ਭਾਸ਼ਾ ਦੀ ਵਰਤੋਂ ਕੀਤੀ:

- ਉਸ ਨੇ ਆਖਿਆ "ਕਿਸੇ ਕਲੀਸੀਆ ਨੇ ... ਮੇਰਾ ਸਾਥ ਨਾ ਦਿੱਤਾ ਪਰ ਕੇਵਲ ਤੁਸਾਂ।" ਅਨੁਵਾਦ ਹੋਏ ਸ਼ਬਦ "ਸਾਥ ਦਿੱਤਾ" ਦਾ ਅਨੁਵਾਦ "ਨਾਲ ਸਾਂਝ ਕੀਤੀ" ਹੋ ਸਕਦਾ ਹੈ।[3] ਫ਼ਿਲਿੱਪੀ ਲੋਕ ਪੌਲੁਸ ਦੇ ਨਾਲ ਰੂਹਾਨੀ "ਸਾਂਝੀ" ਬਣ ਗਏ ਸਨ। ਏਵੋਨ ਮੇਲੋਨ ਨੇ ਇਸ ਨੂੰ ਇਸ ਤਰ੍ਹਾਂ ਲਿਖਿਆ ਹੈ: "ਕਿਸੇ ਹੋਰ ਮੰਡਲੀ ਨੇ ਮੇਰੇ ਨਾਲ ਕਾਰੋਬਾਰ ਨਹੀਂ ਕੀਤਾ। ..."[4]
- ਸਾਂਝ ਲਈ ਹਿਸਾਬ ਕਿਤਾਬ ਠੀਕ ਰੱਖਣਾ ਜ਼ਰੂਰੀ ਹੈ। ਇਸ ਕਰਕੇ ਪੌਲੁਸ ਨੇ "ਲੈਣ ਦੇਣ ਦੀ ਗੱਲ" ਕੀਤੀ। ਜੈਕ ਜੇ. ਮਿਯੂਲਰ ਦੇ ਮੁਤਾਬਕ ਇਹ "ਕਾਰੋਬਾਰੀ ਸ਼ਬਦ ਹੈ ਅਤੇ ਇਹ ਖ਼ਰਚੇ ਅਤੇ ਰਸੀਦਾਂ ਦੇ ਹਿਸਾਬ ਦਾ ਸੰਕੇਤ ਦਿੰਦਾ ਹੈ।"[5] TEV ਵਿਚ "ਲਾਭ ਅਤੇ ਹਾਨੀਆਂ" ਹੈ। ਬਾਉਰ ਨੇ "ਡੈਬਿਟ ਅਤੇ ਕ੍ਰੈਡਿਟ"[6] ਦੀ ਵਰਤੋਂ ਕੀਤੀ ਜਿਵੇਂ ਵਹੀ ਖਾਤੇ ਵਿਚ ਕੀਤੀ ਜਾਂਦੀ ਹੈ।

17 ਅਤੇ 18 ਆਇਤਾਂ ਵਿਚ ਵੀ ਵਪਾਰਕ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ।

**ਆਇਤ 17.** ਅਤੀਤ ਵਿਚ ਫ਼ਿਲਿੱਪੀਆਂ ਦੇ ਕੰਮਾਂ ਦੀ ਗੱਲ ਦੱਸਣ ਪਿੱਛੋਂ ਪੌਲੁਸ ਨੂੰ ਲੱਗਾ ਕਿ ਉਸ ਨੂੰ ਮੁੜ ਇਸ ਗੱਲ ਤੇ ਜ਼ੋਰ ਦੇਣਾ ਚਾਹੀਦਾ ਹ ਕਿ ਵਾਧੂ ਦੇਣ ਵੱਲ ਸੰਕੇਤ ਨਹੀਂ ਕਰ ਰਿਹਾ ਸੀ। **ਇਹ ਨਹੀਂ ਜੋ ਮੈਂ ਦਾਨ ਚਾਹੁੰਦਾ ਹਾਂ ਪਰ ਮੈਂ ਉਹ ਫਲ ਚਾਹੁੰਦਾ ਹਾਂ ਜੋ ਤੁਹਾਡੇ ਲੇਖੇ ਵਿਚ ਵਧਦਾ ਜਾਂਦਾ**

ਹੈ। ਦੇਣ ਦੀ ਮਸੀਹ ਦੇ ਮਕਸਦ ਨੂੰ ਕੋਈ ਆਇਤ ਸੰਖੇਪ ਕਰਦੀ ਹੈ ਤਾਂ ਉ ਇਹੀ ਹੈ। ਆਪਣੀ ਪ੍ਰੇਰਣਾ ਦਿੱਤੇ ਲੇਖਕਾਂ ਦੁਆਰਾ ਪਰਮੇਸ਼ੁਰ ਹਰ ਮਸੀਹੀ ਨੂੰ ਹੁਕਮ ਦਿੰਦਾ ਹੈ (ਵੇਖੋ 1 ਕੁਰਿੰਥੀਆਂ 16:1, 2)। ਇਸ ਲਈ ਨਹੀਂ ਕਿ ਉਹ ਨੂੰ ਕਿਸੇ ਚੀਜ਼ੋਂ ਥੁੜ ਸੀ (ਵੇਖੋ ਰਸੂਲਾਂ ਦੇ ਕਰਤੱਬ 17:25), ਸਗੋਂ ਇਸ ਲਈ ਕਿ ਅਸੀਂ ਦਿੰਦੇ ਹਾਂ। ਉਹ ਸਾਥੋਂ ਦੇਣ ਦੀ ਉਮੀਦ ਕਰਦਾ ਹੈ ਕਿਉਂਕਿ ਇਸ ਨਾਲ ਸਾਨੂੰ ਕੁਝ ਮਿਲਦਾ ਹੈ। LB ਵਿਚ ਦੋ ਸ਼ਬਦਾਂ ਦੀ ਵਰੋਂ ਇੰਜ ਹੈ: ''ਮੈਂ ਤੁਹਾਡੇ ਦਾਨਾਂ ਦਾ ਧੰਨਵਾਦ ਤਾਂ ਕਰਦਾ ਹਾ ਪਰ ਮੇਰੀ ਸਭ ਤੋਂ ਵੱਡੀ ਖੁਸ਼ੀ ਤੁਹਾਡੀ ਦਿਆਲਤਾ ਕਾਰਣ ਮਿਲਣ ਵਾਲਾ ਤੁਹਾਡਾ ਪ੍ਰਤੀਫ਼ਲ ਹੈ।''

NASB ਵਿਚ ਆਹਿਤ 17 ਵਿਚ ਯੂਨਾਨੀ ਸ਼ਬਦ ਦੇ ਅਨੁਵਾਦ ''ਲਾਭ'' ''ਫ਼ਲ'' ਦੇ ਲਈ ਇਸਤੇਮਾਲ ਹੋਣ ਵਾਲਾ ਸ਼ਬਦ ਹੈ। ਕਿਸੇ ਖ਼ਾਤੇ ਤੇ ਵਿਆਜ ਦੀ ਗੱਲ ਕਰਨ ਲਈ ਇਸ ਸ਼ਬਦ ਦਾ ਇਸਤੇਮਾਲ ਕਰਦੇ ਸਨ ਅਤੇ ਆਇਤ 17 ਵਿਚ ਇਸ ਸ਼ਬਦ ਦਾ ਇਸਤੇਮਾਲ ਸਹੀ ਅਰਥਾਂ ਵਿਚ ਹੋਇਆ ਹੈ। REB ਵਿਚ ਹੈ ''ਤੁਹਾਡੇ ਖਾਤੇ ਦਾ ਵਿਆਜ ਚੜ੍ਹਦਾ ਜਾ ਰਿਹਾ ਹੈ।'' ਮੇਰਾ ਇਕ ਸਥਾਨਕ ਬੈਂਕ ਵਿਚ ਖਾਤਾ ਹੈ ਜਿਸ ਦੀ ਵਿਆਜ ਦਰ ਬਹੁਤ ਘੱਟ ਹੈ। ਹਰ ਰੋਜ ਇਹ ਰਕਮ ਕੁਝ ਸੈਂਟ ਹੀ ਵਧਦੀ ਹੈ। ਪੌਲੁਸ ਦੀ ਮਦਦ ਕਰਕੇ ਫ਼ਿਲਿੱਪੈ ਦੇ ਲੋਕ ''ਸੁਰਗ ਵਿਚ ਧਨ'' ਜਮ੍ਹਾ ਕਰ ਰਹੇ ਸਨ (ਮੱਤੀ 6:20; ਵੇਖੋ 1 ਤਿਮੋਥਿਉਸ 6:17–19)। ਪੌਲੁਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਰੂਹਾਨੀ ''ਬੈਂਕ ਖਾਤੇ'' ਚੋਂ ''ਵਿਆਜ'' ਮਿਲ ਰਿਹਾ ਹੈ। ਇਹ ਸੰਕੇਤ ਦਿੰਦਿਆਂ ਕਿ ਮੇਰੇ ਬੈਂਕ ਖਾਤੇ ਵਿਚ ਰੋਜ ਵਿਆਜ ਮਿਲਣ ਵਾਂਗ ਸੁਰਗੀ ''ਖਾਤੇ'' ਵਿਚ ਵੀ ਲਗਾਤਾਰ ''ਵਿਆਜ'' ਜੁੜਦਾ ਜਾ ਰਿਹਾ ਹੈ; ਉਸ ਨੇ ਵਰਤਮਾਨ ਕਾਲ ਦੇ ਰੂਪ 'ਚ ਇਸਤੇਮਾਲ ਕੀਤਾ ਹੈ। ਅੰਗ੍ਰੇਜ਼ੀ ਅਨੁਵਾਦ ਵਿਚ ਹਰ ਜਗ੍ਹਾ ਇਹ ਸਾਫ਼ ਨਹੀਂ ਹੁੰਦਾ ਪਰ ਪੌਲੁਸ ਨੇ ''ਥੈਂਕ ਯੂ'' ਨੋਟ ਵਿਚ ਵਪਾਰਕ ਭਾਸ਼ਾ ਵਰਤੀ ਹੈ।

**ਆਇਤ 18ੳ.** ਵਪਾਰਕ ਭਾਸ਼ਾ ਦਾ ਪੌਲੁਸ ਦਾ ਇਸਤੇਮਾਲ ਆਇਤ 18 ਦੇ ਪਹਿਲੇ ਭਾਗ ਵਿਚ ਸਿਖਰ ਤੇ ਪੁੱਜ ਗਿਆ ਜਦ ਉਸ ਨੇ ਕਿਹਾ, **ਮੈਨੂੰ ਸੱਭੋ ਕੁਝ ਮਿਲ ਗਿਆ ਹੈ, ਸਗੋਂ ਵਾਧੂ ਹੈ।** ਯੂਨਾਨੀ ਸ਼ਬਦ (*apechō panta*, *ਅਪੇਚੋ ਪੈਂਟਾ*) ਦਾ ਅਨੁਵਾਦ ''ਮੇਰੇ ਕੋਲ ਸਭ ਕੁਝ ਹੈ'' ''ਪਾਲਕੀ ਬਣਾਉਣ ਵਿਚ ਵਰਤੀ ਜਾਣ ਵਾਲੀ ਤਕਨੀਕੀ ਅਭਿਵਿਅਕਤੀ'' ਸੀ।[7] ''ਪਹਿਲੀ ਸਦੀ ਵਿਚ ਇਹ ਸੰਕੇਤ ਦੇਣ ਲਈ ਕਿ ਬਿਨ ਪੂਰਾ ਦਿੱਤਾ ਹੈ, ਲਿਖਿਆ ਜਾਂਦਾ'' ਸੀ।[8] ਇਸ ਕਾਰਣ NRSV ਵਿਚ ''ਮੈਨੂੰ ਪੂਰਾ ਭੁਗਤਾਨ ਮਿਲ ਚੁੱਕਾ ਹੈ'' ਜਦ ਕਿ TEV ਵਿਚ ''ਤੁਸੀਂ ਮੈਨੂੰ ਜੋ ਕੁਝ ਦਿੱਤਾ ਹੈ ਉਨ੍ਹਾਂ ਸਭਨਾਂ ਦਾ ਅਰਥ ਇਹ ਹੈ।'' ਇਹਦਾ ਅਰਥ ਇਹ ਹੈ ਕਿ ''ਤੁਸੀਂ ਜੋ ਵੀ ਮੇਰਾ ਕਰਜਾ ਦੇਣਾ ਸੀ ਉਹ ਚੁਕਾ ਦਿੱਤਾ ਗਿਆ ਹੈ। ਅਤੇ ਹੁਣ ਮੈਨੂੰ ਭੇਜਣ ਦੀ ਕੋਈ ਲੋੜ ਨਹੀਂ ਹੈ।''

ਲੇਖਾਕਾਰ ਦੀ ਸ਼ਬਦਾਵਲੀ ਵਰਤਦਿਆਂ ਪੌਲੁਸ ਫ਼ਿਲਿੱਪੀਆਂ ਦੇ ਦਾਨ ਨੂੰ ਮਾਲੀ ਸੌਦੇ ਵਿਚ ਤਬਦੀਲ ਕਰ ਰਿਹਾ ਸੀ, ਜਿਵੇਂ ਅੱਜ ਵੀ ਕੁਝ ਲੋਕ ਕਰਦੇ ਹਨ। ਰਸੂਲ ਦੀ ਸੰਜੀਵ ਭਾਸ਼ਾ ਸਿਰਫ਼ ਫ਼ਿਲਿੱਪੀਆਂ ਨੂੰ ਯਕੀਨ ਦੁਆਉਣ ਦਾ ਢੰਗ ਸੀ ਕਿ ਪਰਮੇਸ਼ੁਰ ਨੇ ਉਨ੍ਹਾਂ ਦੇ ਭਲੇ ਕੰਮਾਂ ਲਈ ਲਿਖ ਲਿਆ ਹੈ ਅਤੇ ਉਹ ਇਹ ਭੁੱਲੇਗਾ ਨਹੀਂ (ਵੇਖੋ ਇਬਰਾਨੀਆਂ 6:10)। ਪ੍ਰਭੂ ਉਨ੍ਹਾਂ ਨੂੰ ਫ਼ਲ ਦੇਣ ਵਿਚ ਨਾਕਾਮ ਨਹੀਂ ਹੋਵੇਗਾ (1 ਕੁਰਿੰਥੀਆਂ 3:8ਅ) ਅਤੇ ਪ੍ਰਤੀਫ਼ਲ ਕਿਤੇ ਵੱਧ ਹੋਵੇਗਾ, ਜੋ ਉਨ੍ਹਾਂ ਕੀਤਾ ਸੀ।

## ਪ੍ਰਭੂ ਨੂੰ "ਬਲਿਦਾਨ ਚੜ੍ਹਾਉਣਾ"! (4:18ਅ)

**18ਅਮੈਂ ਭਰਪੂਰ ਹਾਂ ਕਿਉਂ ਜੋ ਮੈਨੂੰ ਤੁਹਾਡੇ ਭੇਜੇ ਹੋਏ ਪਦਾਰਥ ਇਪਾਫ਼ਰੋਦੀਤੁਸ ਦੇ ਹੱਥੋਂ ਮਿਲੇ ਜੋ ਧੂਪ ਦੀ ਸੁਗੰਧ ਅਤੇ ਇਹੋ ਜਿਹਾ ਪਰਵਾਨ ਬਲੀਦਾਨ ਹੈ ਜੋ ਪਰਮੇਸ਼ੁਰ ਨੂੰ ਭਾਉਂਦਾ ਹੈ।**

**ਆਇਤ 18ਅ.** ਪੌਲੁਸ ਨਹੀਂ ਚਾਹੁੰਦਾ ਹੋਵੇਗਾ ਕਿ ਕਿਸੇ ਨੂੰ ਇਹ ਲੱਗੇ ਕਿ ਦਾਨ ਦੇਣ ਦੇ ਖਾਤੇ

ਨੂੰ ਘੱਟ ਕੀਤਾ ਜਾ ਸਕਦਾ ਹੈ। ਉਹ ਬੈਂਕਿੰਗ ਸ਼ਬਦ ਅਡੰਬਰ ਨਾਲ ਯਾਜਕਾਈ ਦੀ ਸ਼ਬਦਾਵਲੀ ਵਿਚ ਆ ਗਿਆ: **ਮੈਂ ਭਰਪੂਰ ਹਾਂ ਕਿਉਂ ਜੋ ਮੈਨੂੰ ਤੁਹਾਡੇ ਭੇਜੇ ਹੋਏ ਪਦਾਰਥ ਇਪਾਫ਼ਰੋਦੀਤੁਸ ਦੇ ਹੱਥੋਂ ਮਿਲੇ ਜੋ ਧੂਪ ਦੀ ਸੁਗੰਧ ਅਤੇ ਇਹੋ ਜਿਹਾ ਪਰਵਾਨ ਬਲੀਦਾਨ ਹੈ ਜੋ ਪਰਮੇਸ਼ੁਰ ਨੂੰ ਭਾਉਂਦਾ ਹੈ।**

ਯੂਨਾਨੀ ਸ਼ਬਦਾ ਦੇ ਅਨੁਵਾਦ ''ਤੁਹਾਡੇ ਭੇਜੇ ਹੋਏ ਪਦਾਰਥ'' ਦਾ ਮੂਲ ਅਰਥ ਹੈ ''ਤੁਹਾਡੀਆਂ ਘਲੀਆਂ ਚੀਜ਼ਾਂ'' (ਜਿਵੇਂ NASB ਦੇ ਕੁਝ ਛਾਪਿਆਂ ਵਿਚ ਦਿੱਤਾ ਗਿਆ ਹੈ)। ਪੈਸਿਆਂ ਦੇ ਇਲਾਵਾ ਉਨ੍ਹਾਂ ਨੇ ਕੱਪੜੇ ਅਤੇ ਹੋਰ ਸਮਾਨ ਭੇਜਿਆ ਹੋਵੇਗਾ। ਉਨ੍ਹਾਂ ਨੇ ਜੋ ਵੀ ਭੇਜਿਆ, ਇਕ ਅਰਥ ਵਿਚ ਪੌਲੁਸ ਨੇ ਆਖਿਆ, ''ਮੇਰੀਆਂ ਮੌਜੂਦਾ ਅਤੇ ਹੋਰ ਲੋੜਾਂ ਵਾਸਤੇ ਬਥੇਰਾ ਹੈ। ਮੇਰੇ ਕੋਲ ਭਵਿੱਖ ਦੀਆਂ ਲੋੜਾਂ ਵਾਸਤੇ ਵੀ ਕਾਫ਼ੀ ਬਚ ਗਿਆ ਹੈ।''

ਆਇਤ 18 ਵਿਚ ਆਖਰੀ ਭਾਗ ਵਿਚ ਪ੍ਰਭੂ ਨੂੰ ਦਿੱਤੇ ਜਾਣ ਵਾਲੇ ਬਲੀਦਾਨ ਅਤੇ ਭੇਟਾਂ ਦੇ ਸਬੰਧ ਵਿਚ ਪੁਰਾਣੇ ਨੇਮ ਦਾ ਹਵਾਲਾ ਹੈ। ਹੋਮਬਲੀ ਨੂੰ ਸੁਖਦਾਇਕ ਸੁਗੰਧ ਦੇ ਰੂਪ ਵਿਚ ਪਰਮੇਸ਼ੁਰ ਨੂੰ ਮਨਭਾਉਂਦੇ ਮੰਨਿਆ ਜਾਂਦਾ ਸੀ (ਉਤਪਤ 8:21; ਲੇਵੀਆਂ ਦੀ ਪੋਥੀ 1:9, 13, 17)। ਖ਼ੁਦਾ ਨੂੰ ਉਸ ''ਸੁਗੰਧ'' ਨਾਲੋਂ ਵੱਧ ਹੋਰ ਕੋਈ ਐਨੀਂ ਭਾਉਂਦੀ ਨਹੀਂ ਹੈ ਜਿੰਨੀ ਉਹਦੇ ਮਕਸਦ ਵਿਚ ਮਦਦ ਕਰਨ ਲਈ ਲੋਕਾਂ ਵੱਲੋਂ ਦਿੱਤਾ ਗਿਆ ਦਾਨ।

ਪੌਲੁਸ ਨੇ ''ਪਰਵਾਨ ਬਲੀਦਾਨ'' ਵਾਕਅੰਸ਼ ਵਰਤਿਆ। ਸਭ ਮਸੀਹੀ ਲੋਕ ਯਾਜਕ ਹਨ ਅਤੇ ਉਨ੍ਹਾਂ ਨੂੰ ਪ੍ਰਭੂ ਸਾਹਮਣੇ ਬਲੀਦਾਨ ਚੜ੍ਹਾਉਣਾ ਜ਼ਰੂਰੀ ਹੈ (1 ਪਤਰਸ 2:5, 9)। ਪੁਰਾਣੇ ਨੇਮ ਅਧੀਨ ਲੋਕ ਸ਼ੁਕਰਗੁਜ਼ਾਰੀ ਅਤੇ ਤਾਰੀਫ਼ ਜ਼ਾਹਿਰ ਕਰਨ ਲਈ ਪਾਪ ਅਤੇ ਕੁਰਬਾਨੀਆਂ ਲਈ ਕੁਰਬਾਨੀਆਂ ਭੇਂਟ ਕਰਦੇ ਸਨ (ਵੇਖੋ ਲੇਵੀਆਂ ਦੀ ਪੋਥੀ 4:2, 3; 7:11, 12)। ਅਸੀਂ ਪਾਪ ਲਈ ਕੁਰਬਾਨੀ ਨਹੀਂ ਚੜ੍ਹਾ ਸਕਦੇ ਕਿਉਂਕਿ ਯਿਸੂ ਨੇ ਸਲੀਬ ਉੱਤੇ ਉਹ ਕੁਰਬਾਨੀ ਦੇ ਦਿੱਤੀ ਹੈ (ਇਬਰਾਨੀਆਂ 9:26; ਵੇਖੋ ਅਫ਼ਸੀਆਂ 5:2)। ਪਰ ਅਸੀਂ ਆਪਣੇ ਆਪ ਨੂੰ ਭਾਵ ਜੋ ਕੁਝ ਅਸੀਂ ਹਾਂ ਅਤੇ ਜੋ ਕੁਝ ਅਸੀਂ ਕਰਦੇ ਹਾਂ ਉਸ ਸਭ ਨੂੰ ਸ਼ੁਕਗੁਜ਼ਾਰੀ ਅਤੇ ਕੁਰਬਾਨੀ ਦੇ ਰੂਪ ਵਿਚ ਚੜ੍ਹਾ ਸਕਦੇ ਹਾਂ (ਰੋਮੀਆਂ 12:1; ਇਬਰਾਨੀਆਂ 13:15, 16; ਵੇਖੋ ਫ਼ਿਲਿੱਪੀਆਂ 2:17)। ਅਜਿਹਾ ਕਰਨ ਦਾ ਇਕ ਤਰੀਕਾ ਮਸੀਹ ਦੇ ਕੰਮ ਲਈ ਖੁੱਲ੍ਹਦਿਲੀ ਨਾਲ ਦੇਣਾ ਹੈ।

ਪੌਲੁਸ ਨੇ ਫ਼ਿਲਿੱਪੀਆਂ ਦੀ ਬੜੀ ਤਾਰੀਫ਼ ਕੀਤੀ। ਲੋਕਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਕੁਰਬਾਨੀਆਂ ਬੇਹਤਰੀਨ ਹੋਣੀਆਂ ਜ਼ਰੂਰੀ ਸਨ। ਸਿਰਫ਼ ਤਦੇ ਹੀ ਉਹ ਪਰਵਾਨ ਹੋ ਸਕਦੀਆਂ ਸਨ ਭਾਵ ਸਿਰਫ਼ ਤਦੇ ਹੀ ਉਹ ਪਰਮੇਸ਼ੁਰ ਨੂੰ ਭਾਉਂਦੀਆਂ ਹੋਣੀਆਂ ਸਨ (ਵੇਖੋ ਮਲਾਕੀ 1:6–8)। ਇਸ ਕਰਕੇ ਜਦੋਂ ਰਸੂਲ ਨੇ ਫ਼ਿਲਿੱਪੀਆਂ ਨੂੰ ਇਹ ਦੱਸਿਆ ਕਿ ਉਨ੍ਹਾਂ ਦਾ ਦਾਨ ''ਪਰਵਾਨ ਬਲੀਦਾਨ ਹੈ ਜੋ ਪਰਮੇਸ਼ੁਰ ਨੂੰ ਭਾਉਂਦਾ ਹੈ।'' ਤਾਂ ਇਕ ਅਰਥ ਵਿਚ ਉਹ ਆਖ ਰਿਹਾ ਸੀ ਕਿ ''ਮੈਂ ਜਾਣਦਾ ਹਾਂ ਕਿ ਤੁਸੀਂ ਬੇਹਤਰੀਨ ਹੀ ਘੱਲਿਆ ਹੈ!''

ਰਸੂਲ ਨੇ ਦਾਨ ਦਿੱਤੇ ਜਾਣ ਨੂੰ ਇਸ ਦੇ ਸਭ ਤੋਂ ਉੱਚੇ ਪੱਧਰ ਤੇ ਪਹੁੰਚਾ ਦਿੱਤਾ। ਉਹ ਫ਼ਿਲਿੱਪੀਆਂ ਨੂੰ ਇਹ ਸਮਝਾਉਣਾ ਚਾਹੁੰਦਾ ਸੀ ਕਿ ਅਖ਼ੀਰ ਵਿਚ ਉਨ੍ਹਾਂ ਵੱਲੋਂ ਦਿੱਤੇ ਗਏ ਦਾਨ ਦੀ ਉਹਦੇ ਵਾਸਤੇ ਉਨੀ ਅਹਿਮੀਅਤ ਨਹੀਂ ਹੈ ਜਿੰਨੀ ਪ੍ਰਭੂ ਵਾਸਤੇ (ਵੇਖੋ ਮੱਤੀ 10:40–42; 25:31–40; ਰਸੂਲਾਂ ਦੇ ਕਰਤੱਬ 9:3–5)। ਫੌਰੀ ਤੌਰ ਤੇ ਓਸੇ ਨੂੰ ਮਿਲਿਆ ਸੀ ਪਰ ਅਖ਼ੀਰ ਇਸ ਦਾ ਪ੍ਰਾਪਤਕਰਤਾ ਪਿਤਾ ਹੀ ਸੀ।

## ਹਰ ਲੋੜ ਪੂਰੀ ਹੋਈ (4:19)

**19ਅਤੇ ਮੇਰਾ ਪਰਮੇਸ਼ੁਰ ਤੇਜ ਵਿਚ ਆਪਣੇ ਧਨ ਦੇ ਅਨੁਸਾਰ ਤੁਹਾਡੀ ਹਰੇਕ ਥੁੜ ਨੂੰ ਮਸੀਹ ਯਿਸੂ**

**ਵਿਚ ਸੰਪੂਰਨ ਕਰੇਗਾ।**

**ਆਇਤ 19.** ਫ਼ਿਲਿੱਪੀਆਂ ਨੇ ਪੌਲੁਸ ਦੀਆਂ ਮਾਲੀ ਲੋੜਾਂ ਨੂੰ ਪੂਰਿਆਂ ਕਰਨ ਦੀ ਕੋਸ਼ਿਸ਼ ਕੀਤੀ। ਰਸੂਲ ਦੀ ਇੱਛਾ ਉਨ੍ਹਾਂ ਨੂੰ ਇਹ ਦੱਸਣਾ ਸੀ ਕਿ ਖ਼ੁਦਾ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰੇਗਾ। ਬਾਈਬਲ ਵਿਚ ਇਕ ਵੱਡਾ ਵਾਅਦਾ ਜਿਹੜਾ ਸਾਨੂੰ ਮਿਲਦਾ ਹੈ ਉਹ ਇਹ ਹੈ: **ਅਤੇ ਮੇਰਾ ਪਰਮੇਸ਼ੁਰ ਤੇਜ ਵਿਚ ਆਪਣੇ ਧਨ ਦੇ ਅਨੁਸਾਰ ਤੁਹਾਡੀ ਹਰੇਕ ਥੁੜ ਨੂੰ ਮਸੀਹ ਯਿਸੂ ਵਿਚ ਸੰਪੂਰਨ ਕਰੇਗਾ।** ਜੇ. ਡਵਾਈਟ ਪੈਂਟਕਾਸਟ ਨੇ ਇਸ ਆਇਤ ਨੂੰ ''ਸਦੀਆਂ ਤੋਂ ਖ਼ੁਦਾ ਦੀ ਸੰਤਾਨ ਦੇ ਕਦਮਾਂ ਹੇਠ ਸੈਤਾਨ'' ਆਖਿਆ।[9]

ਇਸ ਆਇਤ ਦੀ ਸ਼ੁਰੂਆਤ ''ਅਤੇ'' ਸ਼ਬਦ ਨਾਲ ਹੁੰਦੀ ਹੈ। ਇਸ ਇਸ ਹਵਾਲੇ ਨੂੰ ਪਿੱਛਲੀਆਂ ਆਇਤਾਂ ਨਾਲ ਜੋੜ ਦਿੰਦਾ ਹੈ। ਫ਼ਿਲਿੱਪੈ ਦੇ ਲੋਕ ਪੌਲੁਸ ਲਈ ਦਾਨ ਦੇਣ ਵਿਚ ਖੁੱਲ੍ਹਦਿਲੀ ਵਰਤ ਰਹੇ ਸਨ ਇਸ ਕਰਕੇ ਖ਼ੁਦਾ ਨੇ ਉਨ੍ਹਾਂ ਦੀ ਦੇਖਭਾਲ ਵਿਚ ਉਦਾਰ ਹੋਣਾ ਸੀ।

ਫਿਰ ''ਮੇਰਾ ਪਰਮੇਸ਼ੁਰ'' ਸ਼ਬਦ ਆਉਂਦੇ ਹਨ। ਪੌਲੁਸ ਇਹ ਵਾਕਅੰਸ਼ ਕਦੇ ਨਹੀਂ ਵਰਤਦਾ ਸੀ। ਇਹ ਇਕ ਨਿੱਜੀ ਛੋਹ ਹੈ ਅਤੇ ਇਕ ਨਿੱਜੀ ਭਰੋਸੇ ਦਾ ਇਜ਼ਹਾਰ ਹੈ। ਇਕ ਅਰਥ ਵਿਚ ਪੌਲੁਸ ਨੇ ਆਖਿਆ, ''*ਮੇਰਾ* ਖ਼ੁਦਾ *ਤੁਹਾਡੀਆਂ* ਲੋੜਾਂ ਪੂਰੀਆਂ ਕਰੇਗਾ।''

ਭਲਾ ਖ਼ੁਦਾ ਸਚਮੁਚ ਸਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰ ਸਕਦਾ ਹੈ? ''ਤੇਜ ਵਿਚ ਆਪਣੇ ਧਨ ਦੇ ਅਨੁਸਾਰ'' ਵਾਕਅੰਸ਼ ਤੇ ਵਿਚਾਰ ਕਰੋ। ਟੀਕਾਕਾਰ ਇਸ ਤੇ ਬਹਿਸ ਕਰਦੇ ਹਨ ਕਿ ''ਤੇਜ ਵਿਚ'' ''ਸੰਪੂਰਣ ਕਰੇਗਾ'' (''ਜਲਾਲੀ ਢੰਗ ਨਾਲ'') ਕਿਰਿਆ ਜਾਂ ''ਧਨ'' (''ਤੇਜ ਦੀ ਦੌਲਤ'') ਵਿਚ ਸੁਧਾਰ ਕਰਦਾ ਹੈ ਜਾਂ ਇਸ ਨੂੰ ਸੁਰਗ (''ਜਲਾਲੀ ਦੇਸ'') ਲਈ ਵਰਤਿਆ ਗਿਆ ਹੈ। ਪਰ ਇਹ ਸਾਰੇ ਮੰਨਦੇ ਹਨ ਕਿ ਇਹ ਹਵਾਲਾ ਸੰਕੇਤ ਦਿੰਦਾ ਹੈ ਕਿ ਖ਼ੁਦਾ ਦੇ ਵਸੀਲੇ ਜਲਾਲੀ ਹਨ ਕਿਉਂ ਜੋ ਉਹ ਅਤੁੱਟ ਹਨ।

> ਖ਼ੁਦਾ ਆਪਣੀ ਸੰਤਾਨ ਦੀਆਂ ਬੇਅੰਤ ਲੋੜਾਂ ਦੀ ਭੀੜ ਨੂੰ ਪੂਰਿਆਂ ਕਰ ਸਕਦਾ ਹੈ ਕਿਉਂ ਜੋ ਉਹ ਆਪਣੇ ਤੇਜ ਦੇ ਧਨ ਵਿਚ ਅਸੀਮ ਹੈ। ਸੀਮਤ ਧਨ ਵਾਲੇ ਆਦਮੀ ਨੂੰ ਹੋ ਸਕਦਾ ਹੈ ਕਿ ਵੱਖੋ ਵੱਖ ਕਾਰਣਾਂ ਵਾਸਤੇ ਦਿੰਦਿਆਂ ਉਹਦਾ ਧਨ ਘੱਟ ਜਾਵੇ; ਪਰ ਜੇ ਉਹ ਕਿਸੇ ਕੋਲ ਅਸੀਮਤ ਧਨ ਹੋਵੇ ਤਾਂ ਉਹ ਬਿਨਾਂ ਹਦ ਦੇ ਦੇ ਸਕਦਾ ਹੈ ਅਤੇ ਉਹਦੀ ਪੂਰਤੀ ਵਿਚ ਕਦੇ ਖ਼ਤਮ ਨਹੀਂ ਹੁੰਦੀ। ਖ਼ੁਦਾ ਤੇਜ ਵਿਚ ਬੇਅੰਤ ਹੈ ਅਤੇ ਇਸ ਕਰਕੇ ਉਹ ਬੇਅੰਤ ਲੋੜਾਂ ਨੂੰ ਪੂਰਿਆਂ ਕਰ ਸਕਦਾ ਹੈ ਅਤੇ ਫਿਰ ਵੀ ਉਸ ਕੋਲ ਅਸੀਮ ਫੂਰਤੀ ਰਹੇਗੀ।[10]

ਇਸ ਕਰਕੇ ਖ਼ੁਦਾ ''ਜਿਹੜਾ ਅਜਿਹਾ ਸਮਰੱਥ ਹੈ ਕਿ ਜੋ ਕੁਝ ਅਸੀਂ ਮੰਗਦੇ ਜਾਂ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿਚ ਪੋਹੰਦੀ ਹੈ'' (ਅਫ਼ਸੀਆਂ 3:20)! ਵਾਰੇਨ ਡਬਸਲੂ. ਵਿਅਰਸਬੇ ਨੇ ਲਿਖਿਆ:

> ਫ਼ਿਲਿੱਪੀਆਂ 4:18 ਅਤੇ 19 ਵਿਚ ਇਹ ਅੰਤਰ ਦਿਲਚਸਪ ਹੈ। ਜੇ ਅਸੀਂ ਪੌਲੁਸ ਦੀ ਗੱਲ ਆਪਣੇ ਸ਼ਬਦਾਂ ਵਿਚ ਕਹਿਣੀ ਹੋਵੇ ਤਾਂ ਅਸੀਂ ਇਸ ਨੂੰ ਇਸ ਤਰ੍ਹਾਂ ਕਹਿ ਸਕਦੇ ਹਾਂ, ''ਤੁਸਾਂ ਮੇਰੀ ਲੋੜ ਪੂਰੀ ਕੀਤੀ ਅਤੇ ਖ਼ੁਦਾ ਤੁਹਾਡੀ ਲੋੜ ਪੂਰੀ ਕਰੇਗਾ। ਤੁਸੀਂ ਮੇਰੀ *ਇਕ* ਲੋੜ ਪੂਰੀ ਕੀਤੀ ਪਰ ਮੇਰਾ ਖ਼ੁਦਾ ਤੁਹਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰੇਗਾ! ਤੁਸੀਂ ਮੈਨੂੰ ਆਪਣੀ *ਕੰਗਾਲੀ* ਵਿੱਚੋਂ ਦਿੱਤਾ ਪਰ ਖ਼ੁਦਾ ਜਲਾਲ ਵਿਚ ਆਪਣੀ *ਦੌਲਤ* ਵਿੱਚੋਂ ਤੁਹਾਡੀਆਂ ਲੋੜਾਂ ਪੂਰੀਆਂ ਕਰੇਗਾ !''[11]

ਇਹ ਪੱਕਾ ਨਹੀਂ ਹੈ ਕਿ ਪੌਲੁਸ ਆਇਤ 19 ਵਿਚ ਇਕ ਹਕੀਕਤ ਬਿਆਨ ਕਰ ਰਿਹਾ ਸੀ ਜਾਂ

ਇੱਛਾ। ਹੱਥਲਿਖਤ ਦਾ ਸਬੂਤ ਹਕੀਕਤ ਦੀ ਹਮਾਇਤ ਕਰਦਾ ਹੈ[12] ਕਿ ''ਪਰਮੇਸ਼ੁਰ'' ਪੂਰਤੀ ਕਰੇਗਾ ਅਤੇ NASB ਵਿਚ ਇਸ ਦਾ ਅਨੁਵਾਦ ਇਸੇ ਤਰ੍ਹਾਂ ਹੋਇਆ ਹੈ।

ਆਇਤ ਦੇ ਅਖ਼ੀਰ ਵਿਚ ਮੁੱਖ ਸ਼ਬਦ ''ਮਸੀਹ ਯਿਸੂ ਵਿਚ'' ਮਿਲਦੇ ਹਨ। ਸ਼ਾਨਦਾਰ ਵਾਅਦਾ ''ਮਸੀਹ ਯਿਸੂ ਵਿਚ'' ਪੂਰਾ ਹੁੰਦਾ ਹੈ ਅਤੇ ਇਹ ਸਿਰਫ਼ ਉਨ੍ਹਾਂ ਲਈ ਹੈ ਜਿਹੜੇ ਮਸੀਹ ਯਿਸੂ ਵਿਚ ਹਨ ਭਾਵ ਉਨ੍ਹਾਂ ਲਈ ਜਿਨ੍ਹਾਂ ਨੇ ਉਸ ਵਿਚ ਬਪਤਿਸਮਾ ਲੈ ਲਿਆ ਹੈ ਅਤੇ ਉਸ ਵਿਚ ਜੀ ਰਹੇ ਹਨ (ਰੋਮੀਆਂ 6:3, 4; ਗਲਾਤੀਆਂ 3:26, 27; ਕੁਲੁੱਸੀਆਂ 2:6)।

## ਪਰਮੇਸ਼ੁਰ ਦੀ ਵਡਿਆਈ ਹੋਵੇ (4:20)

**[20]ਹੁਣ ਸਾਡੇ ਪਰਮੇਸ਼ੁਰ ਅਤੇ ਪਿਤਾ ਦੀ ਜੁੱਗੋ ਜੁੱਗ ਵਡਿਆਈ ਹੋਵੇ। ਆਮੀਨ।**

**ਆਇਤ 20.** ਪੌਲੁਸ ਨੇ ''ਮੇਰਾ ਪਰਮੇਸ਼ਰ'' ਆਖਿਆ ਸੀ ਅਤੇ ਹੁਣ ਉਸ ਨੇ ਆਪਣੇ ਪਾਠਕਾਂ ਦੀ ਪਛਾਣ ''ਸਾਡੇ ਪਰਮੇਸ਼ੁਰ'' ਨਾਲ ਕਰਵਾਈ। ਉਨ੍ਹਾਂ ਦੇ ਪਰਮੇਸ਼ੁਰ ਨੇ ਉਨ੍ਹਾਂ ਨੂੰ ''ਤੇਜ ਵਿਚ ਧਨ'' ਦਿੱਤਾ ਸੀ (4:19); ਸੋ ਬਦਲੇ ਵਿਚ ਉਸ ਨੂੰ ਵਡਿਆਈ ਮਿਲਨੀ ਚਾਹੀਦੀ ਸੀ।

ਮੂਲ ਭਾਸ਼ਾ ਵਿਚ ਅਨੁਵਾਦ ਹੋਏ ਵਾਕਅੰਸ਼ ''ਜੁਗੋ ਜੁਗ'' ਦਾ ਮੂਲ ਅਰਥ ਹੈ ''ਯੁੱਗਾਂ ਦੇ ਯੁੱਗਾਂ ਤਕ।'' ਉਸ ਸਮੇਂ ਦੇ ਲੋਕਾਂ ਕੋਲ ਅਨਾਦੀਕਾਲ ਨੂੰ ਸਮਝਣ ਦਾ ਇੱਕੋ ਤਰੀਕਾ ਹੈ। ਇਕ ਦੇ ਬਾਅਦ ਇਕ ਯੁਗ, ਜੋ ਮਨੁੱਖੀ ਸਮਝ ਤੋਂ ਪਾਰ ਬਿਨਾਂ ਕਿਸੇ ਹੱਦ ਦੇ ਵਧਦਾ ਜਾਵੇ। ਖ਼ੁਦਾ ਦੀ ਵਡਿਆਈ ਹਮੇਸ਼ਾ ਹੋਣੀ ਜ਼ਰੂਰੀ ਹੈ। ਸਾਡੇ ਲਈ ਇਹ ਵਡਿਆਈ ਕਰਨ ਦਾ ਇਕ ਤਰੀਕਾ ਉਵੇਂ ਦੇਣਾ ਹੈ ਜਿਵੇਂ ਸਾਨੂੰ ਦੇਣਾ ਚਾਹੀਦਾ ਹੈ। ਇਹ ਜਾਣਦਿਆਂ ਕਿ ਅਸੀਂ ਖ਼ੁਦਾ ਦੀ ਵਡਿਆਈ ਕਰ ਰਹੇ ਹਾਂ ਦੇਣਾ ਇਕ ਹੋਰ ਬਰਕਤ ਹੈ।

**ਆਮੀਨ** ਨਾਲ ਆਇਤ ਮੁਕਦੀ ਹੈ: ''ਇਵੇਂ ਹੀ ਹੋਵੇ'' ਜਾਂ ''ਇਹ ਸੱਚ ਹੈ।'' ਬਿਨਾਂ ਕਿਸੇ ਸ਼ੱਕ ਦੇ ਜੋ ਕੁਝ ਉਹ ਸਹੀ ਅਤੇ ਬਿਲਕੁਲ ਸਹੀ ਹੈ! ''ਹੁਣ ਸਾਡੇ ਪਰਮੇਸ਼ੁਰ ਅਤੇ ਪਿਤਾ ਦੀ ਜੁੱਗੋ ਜੁੱਗ ਵਡਿਆਈ ਹੋਵੇ। ਆਮੀਨ।''

## ਪ੍ਰਾਸੰਗਿਕਤਾ

**ਦੇਣਾ ਤੁਹਾਡੇ ਲਈ ਕੀ ਕਰ ਸਕਦਾ ਹੈ** (4:14-20)

ਦੇਣ ਦਾ ਸਾਡਾ ਵਿਚਾਰ ਆਮ ਤੌਰ ਤੇ ਇੱਥੋਂ ਤਕ ਸੀਮਿਤ ਹੁੰਦਾ ਹੈ ਕਿ ਇਹ ਪਾਉਣ ਵਾਲੇ ਲਈ ਕੀ ਕਰੇਗਾ, ਬਿਨਾਂ ਇਹ ਸੋਚੇ ਕਿ ਇਹ ਦੇਣ ਵਾਲੇ ਲਈ ਕੀ ਕਰ ਸਕਦਾ ਹੈ। ਬਾਈਬਲ ਦੇ ਮੁਤਾਬਿਕ ਦੇਣਾ ਪਾਉਣ ਵਾਲੇ ਨਾਲੋਂ ਦੇਣ ਵਾਲੇ ਲਈ ਬਹੁਤਾ ਫ਼ਾਇਦੇਮੰਦ ਹੈ (ਵੇਖੋ ਮਲਾਕੀ 3:10; ਲੂਕਾ 6:38; ਰਸੂਲਾਂ ਦੇ ਕਰਤੱਬ 20:35; 2 ਕੁਰਿੰਥੀਆਂ 9:6–11)।

**ਹਰ ਲੋੜ ਪੂਰੀ ਹੋਈ** (4:19)

''ਪਰਮੇਸ਼ੁਰ ਤੁਹਾਡੀ ਹਰੇਕ ਥੁੜ ਨੂੰ ਸੰਪੂਰਣ ਕਰੇਗਾ।'' ਜੇ ਸਾਡੇ ਵਿਚ ਫ਼ਿਲਿੱਪੀਆਂ ਵਾਲੀਆਂ ਦੇਣ ਦੀਆਂ ਬੇਗਰਜ਼ ਆਦਤਾਂ ਹੋਣ ਤਾ ਖ਼ੁਦਾ ਸਾਡੀਆਂ ਲੋੜਾਂ ਨੂੰ ਪੂਰਿਆਂ ਕਰੇਗਾ। ''ਜਿਹੜਾ ਹੱਥ ਦੇਣ ਵਾਸਤੇ ਬੰਦ ਹੈ ਉਹ ਪਾਉਣ ਵਾਸਤੇ ਵੀ ਬੰਦ ਹੈ, ਜਦ ਕਿ ਜਿਹੜਾ ਹੱਥ ਦੇਣ ਲਈ ਖ਼ੁੱਲਾ ਹੈ ਉਹ ਪਾਉਣ ਲਈ ਵੀ ਤਿਆਰ ਹੈ।''[13]

ਭਲਾ ਇਸ ਦਾ ਮਤਲਬ ਇਹ ਹੋਇਆ ਕਿ ਖ਼ੁਦਾ ਸਾਡੀ ਕਿਸੇ ਵੀ ਅਤੇ ਹਰ ਇੱਛਾ ਨੂੰ ਪੂਰਿਆਂ

ਕਰੇਗਾ? ਨਹੀਂ। ਕਿਸੇ ਨੇ ਆਖਿਆ ਹੈ ਕਿ ਉਹ ਸਾਡੀਆਂ ''ਗਰਜ਼ਾਂ'' ਪੂਰੀਆਂ ਕਰਦਾ ਹੈ ਨਾ ਕਿ ਸਾਡੀਆਂ ''ਹਵਸਾਂ।'' ਪ੍ਰਭੂ ਉਹ ਮੁਹੱਈਆ ਕਰਾਉਂਦਾ ਹੈ ਜਿਸ ਦੀ ਸਾਨੂੰ ਸਚਮੁਚ ਲੋੜ ਹੈ ਭਾਵ ਜਿਹੜਾ ਸਾਡੇ ਲਈ ਚੰਗਾ ਹੈ। ਅਰਲ ਐਫ਼. ਪਾਮਰ ਨੇ ਲਿਖਿਆ ਹੈ, ''ਸਾਡੀਆਂ ਲੋੜਾਂ ਉਸ ਤੋਂ ਪਰਿਭਾਸ਼ਿਤ ਹੁੰਦੀਆਂ ਹਨ ਜੋ ਖ਼ੁਦਾ ਸਾਂਨੂੰ ਬਣਾਉਣਾ ਚਾਹੁੰਦਾ ਹੈ ਨਾ ਕਿ ਉਸ ਤੋਂ ਜੋ ਅਸੀਂ ਬਣਨਾ ਜਾਂ ਕਰਨਾ ਚਾਹੁੰਦੇ ਹਾਂ।''[14]

ਹੋ ਸਕਦਾ ਹੈ ਕਿ ਸਾਡੀਆਂ ਇੱਛਾਵਾਂ ਬਹੁਤ ਹੋਣ ਪਰ ਉਸ ਦੇ ਮੁਕਾਬਲੇ ਬੁਨਿਆਦੀ ਲੋੜਾਂ ਬਹੁਤ ਘੱਟ। ਮਨੋਵਿਗਿਆਨਕ ਅਤੇ ਸਲਾਹਕਾਰ ਮਨੁਖ ਦੀਆਂ ਬੁਨਿਆਦੀ ਲੋੜਾਂ ਨੂੰ ਵੱਖੋ ਵੱਖ ਤਰੀਕਿਆਂ ਨਾਲ ਦੱਸਦੇ ਹਨ ਪਰ ਇਹ ਲਿਸਟ ਸਾਡਾ ਮਕਸਦ ਪੂਰਾ ਕਰ ਦਵੇਗੀ।[15]

- ਸਰੀਰਕ ਲੋੜਾਂ—ਭੋਜਨ, ਕੱਪੜੇ, ਮਕਾਨ ਅਤੇ ਜ਼ਿੰਦਗੀ ਦੀਆਂ ਹੋਰ ਜ਼ਰੂਰਤਾਂ ਦੀ ਲੋੜ।
- ਸਰੀਰਕ ਸੁਰੱਖਿਆ—ਇਹ ਭਰੋਸਾ ਕਿ ਭਵਿੱਖ ਵਿਚ ਸਰੀਰਕ ਲੋੜਾਂ ਪੂਰੀਆਂ ਕੀਤੀਆਂ ਜਾਣਗੀਆਂ।
- ਭਾਵਨਾਤਮਕ ਸੁਰੱਖਿਆ—ਸਵੀਕਾਰੇ ਜਾਣ ਨੂੰ ਮਹਿਸੂਸ ਕੀਤੇ ਜਾਣ ਦੀ ਲੋੜ।
- ਜ਼ਿੰਦਗੀ ਦਾ ਮਕਸਦ—ਦੀ ਲੋੜ ਮਹਸੂਸ ਕਰਨ ਦੀ ਲੋੜ।
- ਆਪਣੀ ਸੰਭਾਵਨਾ ਨੂੰ ਵਧਾਉਣ ਦਾ ਮੌਕਾ—ਵਧਣ ਦੀ ਲੋੜ।

ਇਹ ਸਮਝਣਾ ਚੰਗੀ ਗੱਲ ਹੈ ਕਿ ਖ਼ੁਦਾ ਇਨ੍ਹਾਂ ਸਭਨਾਂ ਲੋੜਾਂ ਨੂੰ ਪੂਰਿਆਂ ਕਰਦਾ ਹੈ:

- ਸਰੀਰਕ ਲੋੜਾਂ—ਖ਼ੁਦਾ ਨੇ ਵਾਅਦਾ ਕੀਤਾ ਹੈ ਕਿ ਉਹ ਸਾਡੀ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰੇਗਾ ਜੇ ਅਸੀਂ ਉਸ ਦੀ ਇੱਛਾਂ ਨੂੰ ਪੂਰਿਆਂ ਕਰੇਗਾ (ਮੱਤੀ 6:33)।
- ਸਰੀਰਕ ਸੁਰੱਖਿਆ—ਖ਼ੁਦਾ ਨੇ ਭਵਿੱਖ ਵਿਚ ਸਾਡੀ ਸੰਭਾਲ ਕਰਨ ਦਾ ਵਾਅਦਾ ਕੀਤਾ ਹੈ (ਮੱਤੀ 6:34; ਵੇਖੋ ਫ਼ਿਲਿੱਪੀਆਂ 4:6)।
- ਭਾਵਨਾਤਮਕ ਸੁਰੱਖਿਆ—ਖ਼ੁਦਾ ਨੇ ਸਾਨੂੰ ਬਿਨਾਂ ਸ਼ਰਤ ਪਿਆਰ ਦਿੱਤਾ ਹੈ (ਵੇਖੋ ਰੋਮੀਆਂ 5:8; 8:35, 39)।
- ਜ਼ਿੰਦਗੀ ਦਾ ਮਕਸਦ—ਮਸੀਹੀ ਹੋਣਾ ਸਾਨੂੰ ਜ਼ਿੰਦਗੀ ਦਾ ਮਕਸਦ ਦਿੰਦਾ ਹੈ (ਵੇਖੋ ਫ਼ਿਲਿੱਪੀਆਂ 1:21; ਅਫ਼ਸੀਆਂ 2:10)।
- ਆਪਣੀ ਸੰਭਾਵਨਾ ਨੂੰ ਵਧਾਉਣ ਦਾ ਮੌਕਾ—ਅਸੀਂ ਮਸੀਹ ਵਿਚ ਸਿਆਣੇ ਹੋ ਸਕਦੇ ਹਾਂ (ਵੇਖੋ ਅਫ਼ਸੀਆਂ 4:15; ਕੁਲੁੱਸੀਆਂ 1:28)।

ਸਾਡੇ ਲਈ ਖ਼ੁਦਾ ਦੇ ਇੰਤਜ਼ਾਮ ਦਾ ਸਾਰ ਉਹਦੇ ਪੁੱਤਰ ਦਾ ਦਾਨ ਅਤੇ ਮੁਕਤੀ ਦਾ ਵਾਅਦਾ ਹੈ। ਮੇਲੋਨ ਨੇ ''ਮਨ ਦੀਆਂ ਵੱਡੀਆਂ ਭੁੱਖਾਂ—ਮਾਫ਼ੀ ਦੀ, ਸ਼ਾਂਤੀ ਦੀ, ਰੂਹਾਨੀ ਸ਼ਕਤੀ ਦੀ ਲੋੜ'' ਦੱਸਿਆ।[16] ਖ਼ੁਦਾ ਇਹ ਸਭ ਚੀਜ਼ਾਂ ਦਿੰਦਾ ਹੈ! ਨਾਲੇ ਉਹਦਾ ਰੂਹਾਨੀ ਇੰਤਜ਼ਾਮ ਇਨ੍ਹਾਂ ਸਭ ਖੇਤਰਾਂ ਵਿਚ ਉਹਦੇ ਇੰਤਜ਼ਾਮ ਦੀ ਗਰੰਟੀ ਹੈ: ''ਜਿਹ ਨੇ ਆਪਣੇ ਹੀ ਪੁੱਤਰ ਦੀ ਵੀ ਸਰਫ਼ਾ ਨਾ ਕੀਤਾ ਸਗੋਂ ਉਹ ਨੂੰ ਅਸਾਂ ਸਭਨਾਂ ਦੇ ਲਈ ਦੇ ਦਿੱਤਾ ਸੋ ਉਹ ਦੇ ਨਾਲ ਸਾਰੀਆਂ ਵਸਤਾਂ ਵੀ ਸਾਨੂੰ ਕਿੱਕੁਰ ਨਾ ਬਖ਼ਸ਼ੇਗਾ?'' (ਰੋਮੀਆਂ 8:32)। ਪੈਂਟੀਕਾਸਟ ਨੇ ਇਸ ਆਇਤ ਤੇ ਟਿੱਪਣੀ ਕੀਤੀ:

> ਜੇ ਮੈਂ ਕਿਸੇ ਹੀਰੇ ਦੀ ਦੁਕਾਨ ਤੇ ਜਾ ਕੇ ਉਨ੍ਹਾਂ ਦੀ ਅਲਮਾਰੀ ਵਿੱਚੋਂ ਸਭ ਤੋਂ ਵਧੀਆ ਹੀਰਾ ਖਰੀਦ ਲਵਾਂ ਤਾਂ ਮੈਨੂੰ ਯਕੀਨ ਹੈ ਕਿ ਮੇਰੇ ਉਸ ਹੀਰੇ ਨੂੰ ਲਪੇਟਣ ਵਾਸਤੇ ਇਕ ਕਾਗਜ਼ ਮੰਗਣ ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਖ਼ੁਦਾ ਜਿਸ ਨੇ ਸਾਡੀ ਰੂਹਾਨੀ ਲੋੜ ਨੂੰ ਪੂਰਿਆਂ ਕਰਨ ਵਾਸਤੇ ਸੁਰਗ ਦੀ ਸਭ ਤੋਂ ਕੀਮਤੀ ਚੀਜ਼ ਸਾਨੂੰ ਦੇ ਦਿੱਤੀ। ਉਹਦੇ ਲਈ ਸਾਡੀਆਂ ਜਿਸਮਾਨੀ ਲੋੜਾਂ ਨੂੰ ਪੂਰਿਆਂ ਕਰਨਾ ਕੋਈ ਵੱਡੀ ਗੱਲ ਨਹੀਂ ਹੋਵੇਗਾ।[17]

ਖ਼ੁਦਾ ਸਾਡੀਆਂ ਦੁਨਿਆਵੀ ਅਤੇ ਰੂਹਾਨੀ ਦੋਵੇਂ ਲੋੜਾਂ ਪੂਰਿਆਂ ਕਰਦਾ ਹੈ ਤਾਂ ਭਲਾ ਸਾਨੂੰ ਆਪਣੀ ਨੌਕਰੀ ਛੱਡ ਕੇ, ਸਭ ਕੁਝ ਤਿਆਗ ਕੇ ਸਿਰਫ਼ ‘‘ਓਸੇ ਤੇ ਨਿਰਭਰ’’ ਹੋ ਜਾਣਾ ਚਾਹੀਦਾ ਹੈ? ਨਹੀਂ। ਸਾਡੀਆਂ ਨੌਕਰੀਆਂ ਅਤੇ ਸਾਡੀਆਂ ਚੀਜ਼ਾਂ ਸਾਡੇ ਲਈ ਪ੍ਰਭੂ ਦੇ ਇੰਤਜ਼ਾਮ ਦਾ ਹਿੱਸਾ ਹਨ (ਵੇਖੋ ਯਾਕੂਬ 1: 17)। ‘‘ਇਹ ਸੋਚਣਾ ਕਿ ਜੋ ਕੁਝ ਤੁਹਾਨੂੰ ਦਿੱਤਾ ਹੈ ਉਸ ਨੂੰ ਤੁਸੀਂ ਫਜ਼ੂਲ ਖ਼ਰਚੀ ਵਿਚ ਉਡਾ ਸਕਦੇ ਹੋ ਬੇਵਕੂਫ਼ੀ ਹੈ ... ਅਤੇ ਫਿਰ ਉਸ ਤੋਂ ਉਮੀਦ ਕਰਨਾ ਕਿ ਉਹ ਦਖ਼ਲ ਦੇ ਕੇ ਤੁਹਾਡੀਆਂ ਲੋੜਾਂ ਨੂੰ ਪੂਰੀਆਂ ਕਰੇ।’’[18] ਸਾਨੂੰ ਕੰਮ ਕਰਨ ਦਾ ਹੁਕਮ ਦਿੱਤਾ ਗਿਆ ਹੈ (2 ਥੱਸਲੁਨੀਕੀਆਂ 3: 10) ਤਾਂ ਜੋ ਅਸੀਂ ਆਪਣੀਆਂ ਅਤੇ ਹੋਰਨਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਜੋ ਕੁਝ ਜ਼ਰੂਰੀ ਹੋਵੇ ਉਹ ਕਰ ਸਕੀਏ (ਅਫ਼ਸੀਆਂ 4:28; 1 ਤਿਮੋਥਿਉਸ 5:8)। ਇਸ ਦੇ ਨਾਲ ਹੀ ਭਲਾ ਇਹ ਅਹਿਸਾਸ ਕਿ ਖ਼ੁਦਾ ਸਾਨੂੰ ਵੇਖ ਰਿਹਾ ਹੈ ਜ਼ਬਰਦਸਤ ਨਹੀਂ ਹੈ? ਉਹ ਇਹ ਯਕੀਨੀ ਬਣਾਏਗਾ ਕਿ ਸਾਡੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ ਜਾਂ ਨਹੀਂ!

ਇਸ ਤੋਂ ਇਕ ਸਵਾਲ ਉੱਠਦਾ ਹੈ ਕਿ ਖ਼ੁਦਾ ਸਾਡੀਆਂ ਲੋੜਾਂ *ਕਿਵੇਂ* ਪੂਰੀਆਂ ਕਰਦਾ ਹੈ? ਜਿਵੇਂ ਕਿ ਪਹਿਲਾਂ ਸੰਕੇਤ ਦਿੱਤਾ ਗਿਆ ਹੈ ਕਿ ਉਹ ਸਾਨੂੰ ਕੰਮ ਕਰਨ ਦੀਆਂ ਯੋਗਤਾਵਾਂ ਦੇ ਮੌਕੇ ਦਿੰਦਾ ਹੈ। ਹੋਰਨਾਂ ਤਰੀਕਿਆਂ ਦੀ ਵੀ ਗੱਲ ਕੀਤੀ ਜਾ ਸਕਦੀ ਹੈ। ਉਦਾਹਰਣ ਲਈ ਉਸ ਨੇ ਹੋਰਨਾਂ ਲੋਕਾਂ ਦੇ ਰਾਹੀਂ ਪੌਲੁਸ ਦੀਆਂ ਲੋੜਾਂ ਪੂਰੀਆਂ ਕੀਤੀਆਂ (ਫ਼ਿਲਿੱਪੀਆਂ 4: 18), ਅਤੇ ਇਹੀ ਤਰੀਕਾ ਉਹ ਸਾਡੇ ਲਈ ਵਰਤ ਸਕਦਾ ਹੈ ਨਾਲੇ ਉਸ ਨੇ ਸਾਨੂੰ ਸਾਡੀ ਸੰਭਾਲ ਕਰਦੇ ਰਹਿਣ ਦਾ ਵਾਅਦਾ ਕੀਤਾ ਹੈ (ਰੋਮੀਆਂ 8: 28)। ਫਿਰ ਉਹ ਹਮੇਸ਼ਾ ਆਪਣੇ ਨਿੱਜੀ ਪਿਆਰ ਅਤੇ ਲਗਾਅ ਦੇ ਰਾਹੀਂ ਸਾਡੀਆਂ ਲੋੜਾਂ ਨੂੰ ਪੂਰਿਆਂ ਕਰਦਾ ਹੈ (ਰੋਮੀਆਂ 8: 39)। ਖ਼ੁਦਾ ਵਿਚ ਭਰੋਸਾ ਰੱਖਣਾ ਸਿੱਖਣ ਵਾਸਤੇ ਜ਼ਰੂਰੀ ਇਹ ਨਹੀਂ ਕਿ ਉਹ ਸਾਡੀ ਸੰਭਾਲ ਕਿਵੇਂ ਕਰਦਾ ਹੈ ਬਲਕਿ ਇਹ ਵਿਸ਼ਵਾਸ ਕਰਨਾ ਹੈ ਕਿ ਉਹ ਕਰੇਗਾ।

**ਪੂਰੀਆਂ ਹੋਈਆਂ ਲੋੜਾਂ** (4: 19)

ਪੈਂਟੀਕਾਸਟ ਨੇ ਮਸੀਹ ਵਿਚ ਸਾਡੀਆਂ ਲੋੜਾਂ ਤੇ ਪੂਰਾ ਹੋਣ ਤੇ ਢੁਕਵੀਂ ਟਿੱਪਣੀ ਕੀਤੀ:

> ਵਾਅਦਾ ... ਹੁਕਮ ਮੰਨਣ ਦੀ ਗੱਲ ਮੰਨਣਾ। ਖ਼ੁਦਾ ਦਾ ਹੁਕਮ ਮੰਨੇ ਬਗੈਰ ਵਾਅਦੇ ਦੇ ਮੰਨੇ ਹੋਣ ਦਾ ਦਾਅਵਾ ਕਰਨਾ ਢੀਠਪੁਣਾ ਹੈ। ਇਹ ਵਿਸ਼ਵਾਸ ਦੀ ਕਮੀ ਨੂੰ ਵਿਖਾਉਂਦਾ ਹੈ। ...
>
> ... ਸਾਡੇ ਪ੍ਰਭੂ ਨੇ ਭੀੜ ਨੂੰ ਆਖਿਆ ਸੀ, ‘‘ਮੇਰਾ ਪਿਤਾ ਪੰਛੀਆਂ ਅਤੇ ਘਾਹ ਦੀ ਦੇਖਭਾਲ ਕਰਦਾ ਹੈ, ਪਰ *ਪਹਿਲਾਂ* ਪਰਮੇਸ਼ੁਰ ਦੇ ਰਾਜ ਨੂੰ ਭਾਲੋ ਅਤੇ ਇਹ ਸਭ ਚੀਜ਼ਾਂ ਤੁਹਾਨੂੰ ਦਿੱਤੀਆਂ ਜਾਣਗੀਆਂ।’’
>
> ਜੇ ਸਾਡੀਆਂ ਜ਼ਿੰਦਗੀਆਂ ਵਿਚ ਯਿਸੂ ਮਸੀਹ ਸਹੀ ਥਾਂ ਤੇ ਨਹੀਂ ਹੈ ਅਤੇ ਜੇ ਅਸੀਂ ਖ਼ੁਦਾ ਦੀ ਇੱਛਾ ਨਾਲ ਉਹਦੀਆਂ ਗੱਲਾਂ ਵਿਚ ਸਹੀ ਨਹੀਂ ਹਾਂ ਤਾਂ ਇਹ ਕਹਿਣਾ ਢੀਠਪੁਣਾ ਹੈ, ‘‘*[ਸਾਡਾ]* ਪਰਮੇਸ਼ੁਰ *[ਸਾਡੀਆਂ]* ਸਾਰੀਆਂ ਲੋੜਾਂ ਪੂਰੀਆ ਕਰੇਗਾ।[19]

ਪਰ ਜੇ ਅਸੀਂ ਜਿਵੇਂ ਸਾਨੂੰ ਦੇਣਾ ਚਾਹੀਦਾ ਹੈ ਉਵੇਂ ਦੇਣ ਸਣੇ, ਉਹਦੀ ਇੱਛਾ ਨੂੰ ਪੂਰਾ ਕਰਨ ਲਈ ਸਮਰਪਿਤ ਹਾਂ ਤਾਂ ਉਸ ਨੇ ਵਾਅਦਾ ਕੀਤਾ ਹੈ ਕਿ ਉਹ ਸਾਡੀ ਹਰ ਲੋੜ ਨੂੰ ਪੂਰਾ ਕਰੇਗਾ।

**ਬਰਕਤਾਂ ਦੀ ਬਹੁਤਾਇਤ** (4: 14–20)

ਬਹੁਤ ਸਾਰੀਆਂ ਬਰਕਤਾਂ ਸਾਨੂੰ ਮਿਲਦੀਆਂ ਹਨ ਜਦੋ ਅਸੀਂ ਉਵੇਂ ਦਿੰਦੇ ਹਾਂ ਜਿਵੇਂ ਪ੍ਰਭੂ ਨੇ ਸਾਨੂੰ ਹੁਕਮ ਦਿੱਤਾ ਹੈ ਕਿ ਅਸੀਂ ਦਈਏ। ਭਲਾ ਫ਼ਿਲਿੱਪੀਆਂ ਨੇ ਇਨ੍ਹਾਂ ਬਰਕਤਾਂ ਨੂੰ ਪਾਉਣ ਦੀ ਖ਼ਾਤਰ ਦਿੱਤਾ ਸੀ? ਸ਼ਾਇਦ ਨਹੀਂ। ਉਹ ਤਾਂ ਸਿਰਫ਼ ਪੌਲੁਸ ਨੂੰ ਪਿਆਰ ਕਰਦੇ ਸਨ। ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਕਿੱਥੇ ਹੈ ਅਤੇ ਉਸ ਨੂੰ ਕੀ ਚਾਹੀਦਾ ਹੈ ਤਾਂ ਉਨ੍ਹਾਂ ਨੇ ਉਹਦੇ ਵਾਸਤੇ ਮਦਦ ਘੱਲ ਦਿੱਤੀ। ਸ਼ਾਇਦ ਉਹ ਆਪਣੀ ਖੁੱਲ੍ਹਦਿਲੀ ਦੇ ਦਾਨ ਤੋਂ ਹੋਣ ਵਾਲੇ ਫ਼ਾਇਦਿਆਂ ਨੂੰ ਜਾਣ ਕੇ ਹੈਰਾਨ ਹੋ ਗਏ ਸਨ:

- ਉਨ੍ਹਾਂ ਨੂੰ ਉਹ ਬਰਕਤ ਮਿਲੀ ਸੀ ਜਿਹੜੀ ਸਾਂਝ ਕਰਨ ਦੇ ਰਾਹੀਂ ਮਿਲਦੀ ਹੈ।
- ਉਨ੍ਹਾਂ ਨੂੰ ਇਕ ਦੂਜੇ ਦੀ ਮਦਦ ਕਰਨ ਦੀ ਸੰਤੁਸ਼ਟੀ ਦਾ ਪਤਾ ਸੀ।
- ਉਹ ਆਪਣੇ ਸੁਰਗੀ ''ਖਾਤੇ'' ਵਿਚ ਜਮ੍ਹਾ ਕਰ ਰਹੇ ਸਨ।
- ਉਨ੍ਹਾਂ ਦਾ ਦਾਨ ਪ੍ਰਭੂ ਨੂੰ ਪ੍ਰਵਾਨ ''ਬਲਿਦਾਨ'' ਸੀ।
- ਉਨ੍ਹਾਂ ਨੂੰ ਇਹ ਵਾਅਦਾ ਸੀ ਕਿ ਖ਼ੁਦਾ ਉਨ੍ਹਾਂ ਦੀ ਹਰ ਲੋੜ ਪੂਰਿਆਂ ਕਰੇਗਾ।
- ਨਤੀਜੇ ਵਜੋਂ ਖ਼ੁਦਾ ਦੀ ਵਡਿਆਈ ਹੋਏਗੀ।

ਕਦੇ ਸ਼ੱਕ ਨਾ ਕਰੋ ਕਿ ਜੋ ਕੁਝ ਖੁਲ੍ਹਦਿਲੀ ਦੇ ਦਾਨ ਨਾਲ ਫ਼ਿਲਿੱਪੀਆਂ ਨੂੰ ਮਿਲਿਆ ਉਹੀ ਤੁਹਾਡੇ ਲਈ ਵੀ ਹੋਵੇਗਾ! ''ਦਿਓ ਤਾਂ ਤੁਹਾਨੂੰ ਦਿੱਤਾ ਜਾਵੇਗਾ, ਪੂਰਾ ਮੇਪ ਦੱਬ ਦੱਬ ਕੇ ਹਿਲਾ ਹਿਲਾ ਕੇ ਅਤੇ ਡੁੱਲ੍ਹਦਾ ਹੋਇਆ ਤੁਹਾਡੇ ਪੱਲੇ ਪਾਉਣਗੇ ਕਿਉਂਕਿ ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਓਸੇ ਨਾਲ ਤੁਹਾਡੇ ਲਈ ਮੁੜ ਮਿਣਿਆ ਜਾਵੇਗਾ'' (ਲੂਕਾ 6:38)।

---

ਟਿੱਪਣੀਆਂ

[1]ਡਬਲਯੂ. ਈ. ਵਾਈਨ, *ਦ ਐਕਸਪੈਂਡਡ ਵਾਈਨਜ਼ ਐਕਸਪੌਜ਼ਿਟਰੀ ਡਿਕਸ਼ਨਰੀ ਆਫ਼ ਨਿਊ ਟੈਸਟਾਮੈਂਟ ਵਰਡਜ਼*, ਸੰਪਾ. ਜੌਨ ਆਰ. ਕੋਹਲਨਬਰਗਰ III (ਮਿਨਿਆਪੁਲਿਸ: ਬੈਥਨੀ ਹਾਊਸ ਪਬਲੀਸ਼ਰਜ਼, 1984), 30–31. [2]ਉੱਥੇ ਹੀ, 494. [3]ਅਲਫ੍ਰੇਡ ਮਾਰਸ਼ਲ, *ਦ ਇੰਟਰਲੀਨੀਅਰ ਗ੍ਰੀਕ–ਇੰਗਲਿਸ਼ ਨਿਊ ਟੈਸਟਾਮੈਂਟ* (ਲੰਡਨ: ਸੈਮੂਏਲ ਬੈਗਸਟਰ ਐਂਡ ਸਨਜ਼, ਲਿਮਿ., 1958), 788. [4]ਏਵੇਨ ਮੇਲੋਨ, *ਪ੍ਰੈੱਸ ਟੂ ਦ ਪ੍ਰਾਈਜ਼: ਸਟੱਡੀਜ਼ ਇਨ ਫ਼ਿਲਿੱਪੀਅੰਜ਼* (ਨੈਸ਼ਵਿੱਲ: ਟਵੰਟਿਅਥ ਸੈਂਚੁਰੀ ਕ੍ਰਿਸਚਨ, 1991), 121. [5]ਜੈਕ ਜੇ. ਮੁੱਲਰ, *ਦ ਐਪਿਸਟਲਜ਼ ਆਫ਼ ਪੌਲ ਟੂ ਦ ਫ਼ਿਲਿੱਪੀਅੰਜ਼ ਐਂਡ ਟੂ ਫਿਲੇਮੋਨ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਜ਼, ਮਿਸ਼ਿਗਨ: ਡਬਲਯੂ. ਬੀ. ਈਰਡਮੈਨਸ ਪਬਲੀਸ਼ਿੰਗ ਕੰ., 1955), 149. [6]ਵਾਲਟਰ ਬਾਉਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਨ ਲਿਟਰੇਚਰ*, ਜਿਲਦ 3ਜੀ, ਸੋਧ ਅਤੇ ਸੰਪਾ. ਫ੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 2000), 204. [7]ਜੌਨ ਏ. ਨਾਈਟ, ਵਿਲੀਅਮ ਐਮ. ਗ੍ਰੇਟਹਾਊਸ, ਐਂਡ ਜੇ. ਫ਼ਰੇਡ ਪਾਰਕਰ, *ਫ਼ਿਲਿੱਪੀਅੰਜ਼, ਕੋਲੋਸੀਅੰਜ਼, ਫਿਲੇਮੋਨ*, ਬੀਕਨ ਬਾਈਬਲ ਐਕਸਪੋਜਿਸ਼ੰਜ਼ (ਕੈਂਸਸ ਸਿਟੀ, ਮਿਜ਼ੋਰੀ: ਬੀਕਨ ਹਿੱਲ ਪ੍ਰੈਸ, 1985), 122. [8]ਪੈਟ ਐਡਵਿਨ ਹੈਰੱਲ, *ਦ ਲੈਟਰ ਆਫ਼ ਪੌਲ ਟੂ ਦ ਫ਼ਿਲਿੱਪੀਅੰਜ਼*, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ: ਆਰ. ਬੀ. ਸਵੀਟ ਕੰ., 1969), 147–48. [9]ਜੇ. ਡਵਾਇਟ ਪੈਂਟੀਕਾਸਟ, *ਦ ਜੋਇ ਆਫ਼ ਲਿਵਿੰਗ: ਏ ਸਟੱਡੀ ਆਫ਼ ਫ਼ਿਲਿੱਪੀਅੰਜ਼* (ਗ੍ਰੈਂਡ ਰੈਪਿਡਜ਼, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1973), 239. [10]ਉੱਥੇ ਹੀ।

[11]ਵਾਰੇਨ ਡਬਲਯੂ. ਵਿਅਰਸਬੇ, *ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ*, ਜਿਲਦ 2 (ਵ੍ਹੀਟਨ, ਇਲਿਨੋਇਃ ਵਿਕਟਰ ਬੁਕਸ, 1989), 99. [12]ਜੈਰਲਡ ਐੱਫ਼. ਹਾਅਥੌਰਨ, *ਫ਼ਿਲਿੱਪੀਅੰਜ਼*, ਵਰਡ ਬਿਬਲੀਕਲ ਕਮੈਂਟਰੀ, ਜਿਲਦ 43 (ਵਾਕੋ, ਟੈਕਸਸਃ ਵਰਡ ਬੁਕਸ, 1983), 208. [13]*ਏ ਹੋਮਿਲੇਟਿਕ ਕਮੈਂਟਰੀ ਆਨ ਦ ਬੁਕ ਆਫ਼ ਫ਼ਿਲਿੱਪੀਅੰਜ਼*, ਸੰਪਾ. ਗਾਰਲੈਂਡ ਏਲਕਿੰਸ ਐਂਡ ਥੌਮਸ ਬੀ. ਵਾਰੇਨ (ਮੈਂਫ਼ਿਸਃ ਗੈਂਟਵੈੱਲ ਚਰਚ ਆਫ਼ ਕ੍ਰਾਈਸਟ, 1987), 285 ਵਿਚ ਵੈਂਡਲ ਵਿੰਨਕਲਰ, ''ਕ੍ਰਿਸਚਨ ਫ਼ੈਲੋਸ਼ਿਪ; ਗੌਡ ਵਿਲ ਪ੍ਰੋਵਾਈਡ; ਸੇਂਟਸ ਇਨ ਸੀਜ਼ਰ'ਜ਼ ਹਾਊਸਹੋਲਡ; ਸੈਲਿਉਟੇਸ਼ਨ ਇਨ ਦ ਬੈਨੇਡਿਕਸ਼ਨ।'' [14]ਅਰਲ ਐੱਫ਼. ਪਾਮਰ, *ਇੰਟੇਗ੍ਰਿਟੀ ਇਨ ਏ ਵਰਲਡ ਆਫ਼ ਪ੍ਰਿਟੈਂਸਃ ਇਨਸਾਈਟਸ ਫ਼ਰਾਮ ਦ ਬੁਕ ਆਫ਼ ਫ਼ਿਲਿੱਪੀਅੰਜ਼* (ਡਾਊਨਰਜ਼ ਗ੍ਰੋਵ, ਇਲਿਨੋਇਃ ਇੰਟਰਵਰਸਟੀ ਪ੍ਰੈੱਸ, 1992), 176. [15]ਡੇਵਿਡ ਐਲ. ਰੋਪਰ ਦੇ ਅਣਛਪੇ ਨੋਟਸ ''ਵਿਕਟਰੀ ਓਵਰ ਦ ਚੈਲੇਂਜ ਆਫ਼ ਲਾਈਫ਼'' ਤੋਂ ਲਿਆ ਗਿਆ। ਇਹ ਸੂਚੀ ਕਾਉਂਸਲਿੰਗ ਦੀਆਂ ਕਈ ਕਿਤਾਬਾਂ ਤੇ ਅਧਾਰਿਤ ਹੈ। [16]ਮੇਲੋਨ, 122. [17]ਪੈਂਟੀਕਾਸਟ, 245. [18]ਉੱਥੇ ਹੀ, 244. [19]ਉੱਥੇ ਹੀ, 243–44.